ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

www.charhdikala.com DAILY CHARHDIKALA, NEW DELHI Email : charhdikala@gmail.com

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ' ਸੰਪਾਦਕ : ਜਸਕੀਰਤ ਸਿੰਘ

PRGI (RNI) Regd. No. 57283/1994 ਸਾਲ/ year 30 ਅੰਕ ਨੰ. Volume No : 134 ਨਵੀਂ ਦਿੱਲੀ, ਸ਼ੁੱਕਰਵਾਰ 16 ਮਈ, 2025, Friday 16 May, 2025 ਮੁੱਲ/Price in Rs. 2 ਰੁਪਏ, ਕੁਲ ਪੇਜ/Total Pages 8 ਫੋਨ ਨੰ. : 23353936

## ਹਵਾਈ ਜਹਾਜ਼ 'ਚ ਛੇੜਛਾੜ ਕਰਨ ਵਾਲੇ ਭਾਰਤੀ ਨੂੰ ਤਿੰਨ ਹਫ਼ਤਿਆਂ ਦੀ ਕੈਦ

ਸਿੰਗਾਪੁਰ, 15 ਮਈ (ਪ੍ਰਤੀਨਿਧੀ) : ਪਰਥ ਤੋਂ ਸਿੰਗਾਪੁਰ ਜਾ ਰਹੀ ਸਿੰਗਾਪੁਰ ਏਅਰਲਾਈਨਜ਼ ਦੀ ਉਡਾਣ ਵਿੱਚ ਸਵਾਰ ਇੱਕ 20 ਸਾਲਾ ਭਾਰਤੀ ਨਾਗਰਿਕ ਨੂੰ ਛੇੜਛਾੜ ਕਰਨ ਦੇ ਦੋਸ਼ ਹੇਠ ਤਿੰਨ ਹਫ਼ਤਿਆਂ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਉਸ ਦੀ ਪਛਾਣ ਰਜਤ ਵਜੋਂ ਹੋਈ ਹੈ ਜਿਸ ਨੇ 28 ਫਰਵਰੀ ਨੂੰ ਸਿੰਗਾਪੁਰ ਏਅਰਲਾਈਨਜ਼ ਦੀ ਉਡਾਣ ਦੌਰਾਨ ਹਵਾਈ ਅਮਲੇ ਦੀ ਔਰਤ ਨਾਲ ਛੇੜਛਾੜ ਕੀਤੀ ਸੀ। ਇਸ ਉਡਾਣ ਦੇ ਸਿੰਗਾਪੁਰ ਦੇ ਚਾਂਗੀ ਹਵਾਈ ਅੱਡੇ 'ਤੇ ਪਹੁੰਚਣ 'ਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

## ਸ੍ਰੀਨਗਰ ਲਈ ਸਾਰੀਆਂ ਉਡਾਣਾਂ ਬਹਾਲ: ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ

ਸ੍ਰੀਨਗਰ, 15 ਮਈ (ਪ੍ਰਤੀਨਿਧੀ): ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਰਾਮ ਮੋਹਨ ਨਾਇਡੂ ਨੇ ਅੱਜ ਦੱਸਿਆ ਕਿ ਸ੍ਰੀਨਗਰ ਲਈ ਸਾਰੀਆਂ ਉਡਾਣਾਂ ਨੂੰ ਬਹਾਲ ਕਰ ਦਿੱਤਾ ਗਿਆ ਹੈ। ਉਨ੍ਹਾਂ ਭਾਰਤ ਵਾਸੀਆਂ ਨੂੰ ਕਸ਼ਮੀਰ ਘਾਟੀ 'ਚ ਆਉਣ ਦੀ ਅਪੀਲ ਕੀਤੀ ਹੈ।

ਉਨ੍ਹਾਂ ਕਿਹਾ, 'ਅਸੀਂ ਅੱਜ ਤੋਂ ਸਾਰੀਆਂ ਸਮਾਂ-ਸਾਰਣੀਆਂ (ਉਡਾਣਾਂ ਲਈ) ਖੋਲ੍ਹ ਦਿੱਤੀਆਂ ਹਨ ਭਾਵੇਂ ਇਹ ਦਿੱਲੀ, ਮੁੰਬਈ ਅਤੇ ਹੋਰ ਸੰਪਰਕ ਹੋਣ, ਸਾਰੇ ਬਹਾਲ ਹੋ ਗਏ ਹਨ।

## ਸੁਪਰੀਮ ਕੋਰਟ ਵੱਲੋਂ ਕੇਂਦਰ ਨੂੰ ਪਹਿਲ ਦੇ ਆਧਾਰ 'ਤੇ ਵਿਸ਼ੇਸ਼ ਪੋਕਸੋ ਅਦਾਲਤਾਂ ਸਥਾਪਤ ਕਰਨ ਦਾ ਨਿਰਦੇਸ਼




ਨਵੀਂ ਦਿੱਲੀ, 15 ਮਈ (ਪ੍ਰਤੀਨਿਧੀ): : ਸੁਪਰੀਮ ਕੋਰਟ ਨੇ ਅੱਜ ਕੇਂਦਰ ਨੂੰ ਨਿਰਦੇਸ਼ ਦਿੱਤਾ ਕਿ ਉਹ ਬੱਚਿਆਂ ਵਿਰੁੱਧ ਜਿਨਸੀ ਅਪਰਾਧਾਂ ਦੇ ਮਾਮਲਿਆਂ ਨਾਲ ਨਜਿੱਠਣ ਲਈ ਵਿਸ਼ੇਸ਼ ਪੋਕਸੋ ਅਦਾਲਤਾਂ ਨੂੰ ਤਰਜੀਹੀ ਆਧਾਰ 'ਤੇ ਸਥਾਪਤ ਕਰਨ ਲਈ ਪਹਿਲਕਦਮੀ ਕਰੇ।


ਜਸਟਿਸ ਬੇਲਾ ਐਮ ਤ੍ਰਿਵੇਦੀ ਅਤੇ ਪੀ ਬੀ ਵਰਲੇ ਦੇ ਬੈਂਚ ਨੇ ਕਿਹਾ ਕਿ ਜਿਨਸੀ ਅਪਰਾਧਾਂ ਵਿਰੁੱਧ ਬੱਚਿਆਂ ਦੀ ਸੁਰੱਖਿਆ (ਪੋਕਸੋ) ਐਕਟ ਦੇ ਕੇਸਾਂ ਲਈ ਵਿਸ਼ੇਸ਼ ਅਦਾਲਤਾਂ ਦੀ ਗਿਣਤੀ ਘੱਟ ਹੋਣ ਕਾਰਨ ਕੇਸ ਲੰਬਾ ਸਮਾਂ ਚਲਦੇ ਰਹਿੰਦੇ ਹਨ ਤੇ ਕੇਸਾਂ ਨੂੰ ਪੂਰਾ ਕਰਨ ਲਈ ਕਾਨੂੰਨ ਅਧੀਨ ਨਿਰਧਾਰਤ ਸਮਾਂ-ਸੀਮਾਵਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ। ਇਸ ਲਈ ਇਹ ਉਮੀਦ ਕੀਤੀ ਜਾਂਦੀ ਹੈ ਕਿ ਕੇਂਦਰ ਅਤੇ ਰਾਜ ਸਰਕਾਰਾਂ ਪੋਕਸੋ ਮਾਮਲਿਆਂ ਦੀ ਜਾਂਚ ਨਾਲ ਜੁੜੇ ਅਧਿਕਾਰੀਆਂ ਨੂੰ ਸੰਵੇਦਨਸ਼ੀਲ ਬਣਾਉਣ ਲਈ ਤਰਜੀਹੀ ਆਧਾਰ 'ਤੇ ਸੁਣਵਾਈ ਲਈ ਸਮਰਪਿਤ ਅਦਾਲਤਾਂ ਬਣਾਉਣ ਲਈ ਉਚਿਤ ਕਦਮ ਚੁੱਕਣ। ਸਿਖਰਲੀ ਅਦਾਲਤ ਨੇ ਨਿਸ਼ਚਿਤ ਸਮਾਂ ਸੀਮਾ ਦੇ ਅੰਦਰ ਮੁਕੱਦਮਿਆਂ ਨੂੰ ਪੂਰਾ ਕਰਨ ਤੋਂ ਇਲਾਵਾ ਕਾਨੂੰਨ ਵਿੱਚ ਨਿਰਧਾਰਤ ਲਾਜ਼ਮੀ ਮਿਆਦ ਦੇ ਅੰਦਰ ਚਾਰਜਸ਼ੀਟ ਦਾਇਰ ਕਰਨ ਦੇ ਨਿਰਦੇਸ਼ ਦਿੱਤੇ।

# ਪਹਿਲਗਾਮ ਹਮਲੇ ਦਾ ਮਾਸਟਰਮਾਈਂਡ ਆਸਿਫ਼ ਸਮੇਤ 3 ਅੱਤਵਾਦੀ ਫ਼ੌਜ ਨਾਲ ਮੁਕਾਬਲੇ ਦੌਰਾਨ ਢੇਰ

ਸ੍ਰੀਨਗਰ, 15 ਮਈ (ਪ੍ਰਤੀਨਿਧੀ): ਜੰਮੂ-ਕਸ਼ਮੀਰ ਤੋਂ ਇਸ ਸਮੇਂ ਵੱਡੀ ਖ਼ਬਰ ਆ ਰਹੀ ਹੈ। ਪਹਿਲਗਾਮ ਅੱਤਵਾਦੀ ਹਮਲੇ ਵਿਚ 26 ਬੇਕਸੂਰ ਲੋਕਾਂ ਨੂੰ ਮਾਰਨ ਵਾਲੇ ਅੱਤਵਾਦੀਆਂ ਵਿਚ ਸ਼ਾਮਲ ਮਾਸਟਰਮਾਈਂਡ ਆਸਿਫ਼ ਸੁਰੱਖਿਆ ਬਲਾਂ ਦੀ ਗੋਲੀ ਦਾ ਸ਼ਿਕਾਰ ਹੋਇਆ। ਅੱਜ ਸਵੇਰੇ ਪੁਲਵਾਮਾ ਜ਼ਿਲ੍ਹੇ ਵਿਚ ਸੁਰੱਖਿਆ ਬਲਾਂ ਅਤੇ ਅੱਤਵਾਦੀਆਂ ਵਿਚਾਲੇ ਮੁਕਾਬਲਾ ਹੋਇਆ। ਇਹ ਮੁਕਾਬਲਾ ਦੱਖਣੀ ਕਸ਼ਮੀਰ ਦੇ ਤਰਾਲ ਖੇਤਰ ਦੇ ਨਾਦੇਰ ਪਿੰਡ ਵਿਚ ਹੋਇਆ, ਜਿਸ ਵਿਚ 3 ਅੱਤਵਾਦੀਆਂ ਨੂੰ ਸੁਰੱਖਿਆ ਬਲਾਂ ਨੇ ਢੇਰ ਕਰ ਦਿੱਤਾ। ਮਾਰੇ ਗਏ ਇਨ੍ਹਾਂ 3 ਅੱਤਵਾਦੀਆਂ ਨੂੰ ਲੈ ਕੇ ਵੱਡਾ ਖ਼ੁਲਾਸਾ ਹੋਇਆ ਹੈ। ਮਾਰੇ ਗਏ ਅੱਤਵਾਦੀਆਂ ਦੀ ਪਛਾਣ ਆਸਿਫ਼ ਅਹਿਮਦ ਸ਼ੇਖ (28),







ਆਮਿਰ ਨਾਜ਼ਿਰ ਵਾਨੀ (20), ਯਾਵਾਰ ਅਹ ਭੱਟ (26) ਦੇ ਰੂਪ ਵਿਚ ਹੋਈ ਹੈ।

ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਮਾਰੇ ਗਏ ਅੱਤਵਾਦੀਆਂ ਵਿਚ ਪਹਿਲਗਾਮ ਅੱਤਵਾਦੀ ਹਮਲੇ ਦਾ ਮਾਸਟਰਮਾਈਂਡ ਆਸਿਫ਼ ਸ਼ੇਖ ਵੀ ਸ਼ਾਮਲ ਹੈ। ਐਨਕਾਊਂਟਰ 'ਚ ਮਾਰੇ ਗਏ ਦੋ ਹੋਰ ਅੱਤਵਾਦੀਆਂ ਨੇ ਪਹਿਲਗਾਮ ਹਮਲੇ ਵਿਚ ਰੇਕੀ ਅਤੇ ਲੌਜਿਸਟਿਕ ਸਪੋਰਟ ਦਿੱਤੀ ਸੀ। ਦੱਸ ਦੇਈਏ ਕਿ 22 ਅਪ੍ਰੈਲ ਨੂੰ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਦਾ ਮਾਸਟਰਮਾਈਂਡ ਆਸਿਫ਼ ਅਹਿਮਦ ਸ਼ੇਖ ਵੀ ਸ਼ਾਮਲ ਸੀ। ਜ਼ਿਕਰਯੋਗ ਹੈ ਕਿ ਪਹਿਲਗਾਮ ਵਿਚ 22 ਅਪ੍ਰੈਲ ਨੂੰ ਅੱਤਵਾਦੀਆਂ ਨੇ ਸੈਲਾਨੀਆਂ 'ਤੇ ਹਮਲਾ ਕੀਤਾ ਸੀ। ਇਸ ਦੌਰਾਨ ਲੋਕਾਂ ਨੂੰ ਉਸ ਦਾ ਧਰਮ ਪੁੱਛ-ਪੁੱਛ ਕੇ ਮਾਰਿਆ ਗਿਆ ਸੀ। ਇਸ ਦੌਰਾਨ ਅੱਤਵਾਦੀਆਂ ਨੇ 26 ਸੈਲਾਨੀਆਂ ਦੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ, ਜਿਸ ਤੋਂ ਬਾਅਦ ਪੂਰੇ ਦੇਸ਼ ਦੇ ਲੋਕਾਂ ਵਿਚ ਗੁੱਸਾ ਪਾਇਆ ਗਿਆ ਸੀ। ਇਸ ਦਾ ਜਵਾਬ ਦਿੰਦੇ ਹੋਏ ਭਾਰਤ ਸਰਕਾਰ ਨੇ ਆਪ੍ਰੇਸ਼ਨ ਸਿੰਦੂਰ ਚਲਾਇਆ, ਜਿਸ ਵਿਚ ਸਫ਼ਲਤਾ ਹਾਸਲ ਕਰਦੇ ਹੋਏ ਅੱਤਵਾਦੀਆਂ ਦੇ 9 ਟਿਕਾਣਿਆਂ ਨੂੰ ਢੇਰ ਕਰ ਦਿੱਤਾ ਸੀ। ਆਸਿਫ਼ ਜੋ ਕਿ ਮੁਕਾਬਲੇ ਵਿਚ ਮਾਰਿਆ ਗਿਆ ਸੀ, ਪਹਿਲਗਾਮ ਅੱਤਵਾਦੀ ਹਮਲੇ ਦੌਰਾਨ ਮੌਕੇ 'ਤੇ ਮੌਜੂਦ ਸੀ ਅਤੇ ਸੁਰੱਖਿਆ ਬਲਾਂ ਦੇ ਰਾਡਾਰ 'ਤੇ ਸੀ। ਉਹ ਪਹਿਲਗਾਮ ਹਮਲੇ ਦਾ ਮਾਸਟਰਮਾਈਂਡ ਸੀ। ਇਹ ਵੀ ਪਤਾ ਲੱਗਾ ਹੈ ਕਿ ਨਿਜ਼ਾਰ ਅਤੇ ਯਵਰ ਨੇ ਪਹਿਲਗਾਮ ਹਮਲੇ ਵਾਲੀ ਥਾਂ 'ਤੇ ਮੌਜੂਦ ਨਾ ਹੋਣ ਦੇ ਬਾਵਜੂਦ ਹਮਲੇ ਦੀ ਯੋਜਨਾ ਬਣਾਉਣ ਅਤੇ ਸਹਾਇਤਾ ਕਰਨ ਵਿਚ ਮੁੱਖ ਭੂਮਿਕਾ ਨਿਭਾਈ ਸੀ।

## ਦਿੱਲੀ ਹਾਈਕੋਰਟ ਨੇ ਰਾਸ਼ਿਦ ਦੀ ਜ਼ਮਾਨਤ ਪਟੀਸ਼ਨ 'ਤੇ ਐਨ.ਆਈ.ਏ. ਤੋਂ ਜਵਾਬ ਮੰਗਿਆ



ਨਵੀਂ ਦਿੱਲੀ, 15 ਮਈ (ਪ੍ਰਤੀਨਿਧੀ): ਦਿੱਲੀ ਹਾਈ ਕੋਰਟ ਨੇ ਜੰਮੂ-ਕਸ਼ਮੀਰ ਦੇ ਸੰਸਦ ਮੈਂਬਰ ਇੰਜਨੀਅਰ ਰਾਸ਼ਿਦ ਵੱਲੋਂ ਯੂਏਪੀਏ ਤਹਿਤ ਦਰਜ ਕੀਤੇ ਗਏ ਦਹਿਸ਼ਤੀ ਫੰਡਿੰਗ ਮਾਮਲੇ ਵਿੱਚ ਜ਼ਮਾਨਤ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਕੌਮੀ ਜਾਂਚ ਏਜੰਸੀ (ਐਨਆਈਏ) ਤੋਂ ਜਵਾਬ ਮੰਗਿਆ ਹੈ। ਜਸਟਿਸ ਸੁਬਰਾਮਨੀਅਮ ਪ੍ਰਸਾਦ ਅਤੇ ਜਸਟਿਸ ਹਰੀਸ਼ ਵੈਦਿਆਨਾਥਨ ਸ਼ੰਕਰ 'ਤੇ ਆਧਾਰਿਤ ਡਿਵੀਜ਼ਨ ਬੈਂਚ ਨੇ ਨੋਟਿਸ ਜਾਰੀ ਕਰਦਿਆਂ ਜਵਾਬ ਮੰਗਿਆ ਹੈ। ਇਸ ਤੋਂ ਪਹਿਲਾਂ ਹੇਠਲੀ ਅਦਾਲਤ ਨੇ 21 ਮਾਰਚ ਨੂੰ ਰਾਸ਼ਿਦ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਰਾਸ਼ਿਦ ਨੇ ਇਸ ਫੈਸਲੇ ਖ਼ਿਲਾਫ਼ ਹਾਈ ਕੋਰਟ ਦਾ ਰੁਖ਼ ਕੀਤਾ ਸੀ। ਜਸਟਿਸ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 29 ਜੁਲਾਈ ਨਿਰਧਾਰਤ ਕੀਤੀ ਹੈ।

## ਮੈਂ ਇਕ ਡਾਕੀਆ ਹਾਂ, ਜੰਮੂ ਅਤੇ ਕਸ਼ਮੀਰ ਦੇ ਲੋਕਾਂ ਲਈ ਪੂਰੀ ਦੁਨੀਆ ਦਾ ਸੁਨੇਹਾ ਲੈ ਕੇ ਆਇਆ ਹਾਂ: ਰਾਜਨਾਥ ਸਿੰਘ

### ਪਾਕਿਸਤਾਨ ਦੇ ਪਰਮਾਣੂ ਹਥਿਆਰਾਂ ਨੂੰ ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ (ਆਈ.ਏ.ਈ.ਏ.) ਦੀ ਨਿਗਰਾਨੀ ਹੇਠ ਲੈਣ ਦੀ ਮੰਗ ਕੀਤੀ

ਸ੍ਰੀਨਗਰ , 15 ਮਈ (ਪ੍ਰਤੀਨਿਧੀ) : ਕੇਂਦਰੀ ਮੰਤਰੀ ਰਾਜਨਾਥ ਸਿੰਘ ਨੇ ਸ੍ਰੀਨਗਰ ਦੇ ਬਦਾਮੀ ਬਾਗ ਛਾਉਣੀ ਵਿਖੇ ਆਪਣੇ ਸੰਬੋਧਨ ਦੌਰਾਨ ਜ਼ੋਰ ਦੇ ਕੇ ਕਿਹਾ ਕਿ ਉਹ ਇਕ ਡਾਕੀਆ ਹਨ ਜੋ ਜੰਮੂ ਅਤੇ ਕਸ਼ਮੀਰ ਦੇ ਲੋਕਾਂ ਲਈ ਪੂਰੀ ਦੁਨੀਆ ਦਾ ਸੁਨੇਹਾ ਲੈ ਕੇ ਆਏ ਹਨ। ਰਾਜਨਾਥ ਸਿੰਘ ਨੇ ਕਿਹਾ ਉਹ ਪੂਰੇ ਦੇਸ਼ ਦੀਆਂ ਸ਼ੁਭਕਾਮਨਾਵਾਂ, ਪ੍ਰਾਰਥਨਾਵਾਂ ਅਤੇ ਧੰਨਵਾਦ ਲੈ ਕੇ ਆਏ ਹਨ। ਜ਼ਿਕਰਯੋਗ ਹੈ ਕਿ ਰੱਖਿਆ ਮੰਤਰੀ ਨੇ ਪਹਿਲਗਾਮ ਅਤਿਵਾਦੀ ਹਮਲੇ ਅਤੇ ਆਪ੍ਰੇਸ਼ਨ ਸਿੰਧੂਰ ਤੋਂ ਬਾਅਦ ਪਹਿਲੀ ਵਾਰ ਜੰਮੂ ਅਤੇ ਕਸ਼ਮੀਰ ਦਾ ਦੌਰਾ ਕੀਤਾ।



ਇਸ ਦੌਰਾਨ ਉਨ੍ਹਾਂ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਆਪਣੀਆਂ ਹਥਿਆਰਬੰਦ ਫੌਜਾਂ 'ਤੇ ਮਾਣ ਹੈ। ਰੱਖਿਆ ਮੰਤਰੀ ਨੇ ਪਾਕਿਸਤਾਨ ਦੇ ਪਰਮਾਣੂ ਹਥਿਆਰਾਂ ਨੂੰ ਸੰਭਾਲਣ ਸਬੰਧੀ ਉਸ ਦੀ ਯੋਗਤਾ ਦੀ ਵੀ ਨਿੰਦਾ ਕੀਤੀ। ਉਨ੍ਹਾਂ ਨੇ ਆਲਮੀ ਭਾਈਚਾਰੇ ਨੂੰ ਪੁੱਛਿਆ ਕਿ ਕੀ ਪਾਕਿਸਤਾਨ ਵਰਗੇ ਮਾੜੇ ਦੇਸ਼ ਦੇ ਹੱਥਾਂ ਵਿਚ ਪਰਮਾਣੂ ਹਥਿਆਰ ਸੁਰੱਖਿਅਤ ਹਨ। ਉਨ੍ਹਾਂ ਕਿਹਾ ਕਿ, "ਦੁਨੀਆ ਜਾਣਦੀ ਹੈ ਕਿ ਸਾਡੀ ਫੌਜ ਦਾ ਨਿਸ਼ਾਨਾ ਸਹੀ ਹੈ ਅਤੇ ਜਦੋਂ ਉਹ ਨਿਸ਼ਾਨੇ 'ਤੇ ਹਮਲਾ ਕਰਦੇ ਹਨ, ਤਾਂ ਗਿਣਤੀ ਦੁਸ਼ਮਣਾਂ 'ਤੇ ਛੱਡ ਦਿੰਦੇ ਹਨ।" ਉਨ੍ਹਾਂ ਕਿਹਾ, "ਅਤਿਵਾਦ ਵਿਰੁੱਧ ਭਾਰਤ ਦਾ ਇਰਾਦਾ ਕਿੰਨਾ ਮਜ਼ਬੂਤ ਹੈ, ਇਹ ਇਸ ਤੱਥ ਤੋਂ ਜਾਣਿਆ ਜਾ ਸਕਦਾ ਹੈ ਕਿ ਅਸੀਂ ਉਨ੍ਹਾਂ ਦੇ ਪਰਮਾਣੂ ਬਲੈਕਮੇਲ ਦੀ ਪਰਵਾਹ ਵੀ ਨਹੀਂ ਕੀਤੀ। ਪੂਰੀ ਦੁਨੀਆ ਨੇ ਦੇਖਿਆ ਹੈ ਕਿ ਪਾਕਿਸਤਾਨ ਨੇ ਭਾਰਤ ਨੂੰ ਕਿੰਨੀ ਗੈਰ-ਜ਼ਿੰਮੇਵਾਰਾਨਾ ਢੰਗ ਨਾਲ ਧਮਕੀ ਦਿੱਤੀ ਹੈ।"

ਕੇਂਦਰੀ ਮੰਤਰੀ ਨੇ ਕਿਹਾ ਕਿ ਪਾਕਿਸਤਾਨ ਦੇ ਪ੍ਰਮਾਣੂ ਹਥਿਆਰਾਂ ਨੂੰ ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ (9151) ਦੀ ਨਿਗਰਾਨੀ ਹੇਠ ਲਿਆ ਜਾਣਾ ਚਾਹੀਦਾ ਹੈ। ਇਸ ਦੌਰਾਨ ਉਨ੍ਹਾਂ ਆਪ੍ਰੇਸ਼ਨ ਸਿੰਧੂਰ ਦੀ ਸਫਲਤਾ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਹਥਿਆਰਬੰਦ ਸੈਨਾਵਾਂ ਦੀ ਅਗਵਾਈ ਨੂੰ ਸਿਹਰਾ ਦਿੱਤਾ।

## ਉੱਤਰ ਪ੍ਰਦੇਸ਼ 'ਚ ਆਟੋ-ਟਰੱਕ ਦੀ ਟੱਕਰ ਵਿੱਚ ਛੇ ਹਲਾਕ

ਹਰਦੋਈ, 15 ਮਈ (ਪ੍ਰਤੀਨਿਧੀ): ਇੱਥੇ ਅੱਜ ਇੱਕ ਸੜਕ ਹਾਦਸੇ ਵਿਚ 6 ਲੋਕਾਂ ਦੀ ਮੌਤ ਹੋ ਗਈ ਅਤੇ ਤਿੰਨ ਜ਼ਖਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਹਰਦੌਲ ਮਊ ਪਿੰਡ ਨੇੜੇ ਵਾਪਰੀ ਜਦੋਂ ਇੱਕ ਆਟੋਰਿਕਸ਼ਾ ਨੂੰ ਡੰਪਰ ਟਰੱਕ ਨੇ ਟੱਕਰ ਮਾਰ ਦਿੱਤੀ। ਆਟੋਰਿਕਸ਼ਾ ਬਾਂਗਰਮੌ ਤੋਂ ਸੰਦੀਲਾ ਜਾ ਰਿਹਾ ਸੀ।

ਪੁਲਿਸ ਨੇ ਦੱਸਿਆ ਕਿ ਸਾਰੇ ਪੀੜਤਾਂ ਨੂੰ ਸੰਦੀਲਾ ਦੇ ਕਮਿਊਨਿਟੀ ਹੈਲਥ ਸੈਂਟਰ ਲਿਜਾਇਆ ਗਿਆ, ਜਿੱਥੇ ਛੇ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਅਤੇ ਤਿੰਨ ਨੂੰ ਅਗਲੇਰੇ ਇਲਾਜ ਲਈ ਲਖਨਊ ਦੇ ਟਰੌਮਾ ਸੈਂਟਰ ਵਿੱਚ ਰੈਫਰ ਕਰ ਦਿੱਤਾ ਗਿਆ। ਜ਼ਖਮੀਆਂ 'ਚ ਇਕ ਬੱਚਾ ਵੀ ਸ਼ਾਮਲ ਹੈ, ਜਿਸ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਆਟੋ ਰਿਕਸ਼ਾ ਚਾਲਕ ਦੀ ਪਛਾਣ ਰਣਜੀਤ ਵਜੋਂ ਹੋਈ ਹੈ ਅਤੇ ਸਵਾਰੀਆਂ ਦੀ ਪਛਾਣ ਅੰਕਿਤ ਕੁਮਾਰ, ਅਰਵਿੰਦ, ਫੂਲ ਜਹਾਂ, ਨਿਸਾਰ ਅਤੇ ਇੱਕ ਅਣਪਛਾਤੀ ਔਰਤ ਵਜੋਂ ਹੋਈ ਹੈ। ਪੁਲਿਸ ਸੁਪਰਡੈਂਟ ਨੀਰਜ ਕੁਮਾਰ ਜਾਦੌਨ ਨੇ ਕਿਹਾ ਕਿ ਇਸ ਟੱਕਰ ਤੋਂ ਬਾਅਦ ਟਰੱਕ ਡਰਾਈਵਰ ਮੌਕੇ ਤੋਂ ਫ਼ਰਾਰ ਹੋ ਗਿਆ ਅਤੇ ਉਸ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਸਬੰਧੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ।

## ਲਖਨਊ ਵਿੱਚ ਬੱਸ ਨੂੰ ਅੱਗ ਲੱਗੀ; ਦੋ ਬੱਚਿਆਂ ਸਣੇ ਪੰਜ ਹਲਾਕ

ਲਖਨਊ, 15 ਮਈ (ਪ੍ਰਤੀਨਿਧੀ) : ਇੱਥੋਂ ਦੇ ਕਿਸਾਨ ਮਾਰਗ 'ਤੇ ਇੱਕ ਡਬਲ ਡੈਕਰ ਬੱਸ ਵਿੱਚ ਅੱਗ ਲੱਗਣ ਕਾਰਨ ਅੱਜ ਸਵੇਰੇ ਦੋ ਬੱਚਿਆਂ ਸਮੇਤ ਪੰਜ ਲੋਕਾਂ ਦੀ ਮੌਤ ਹੋ ਗਈ। ਇਹ ਬੱਸ ਬਿਹਾਰ ਤੋਂ ਦਿੱਲੀ ਜਾ ਰਹੀ ਸੀ।

ਇਸ ਮੌਕੇ ਫਾਇਰ ਟੈਂਡਰਾਂ ਨੇ ਅੱਗ 'ਤੇ ਕਾਬੂ ਪਾਉਣ ਲਈ ਯਤਨ ਕੀਤੇ। ਪੁਲਿਸ ਦੇ ਡਿਪਟੀ ਕਮਿਸ਼ਨਰ ਨਿਪੁਨ ਅਗਰਵਾਲ ਨੇ ਕਿਹਾ ਕਿ ਬਿਹਾਰ ਦੇ ਬੇਗੂਸਰਾਏ ਤੋਂ ਦਿੱਲੀ ਜਾ ਰਹੀ ਇੱਕ ਨਿੱਜੀ ਸਲੀਪਰ ਬੱਸ ਨੂੰ ਸ਼ਾਰਟ ਸਰਕਟ ਕਾਰਨ ਅੱਗ ਲੱਗ ਗਈ ਜਿਸ ਵਿਚ 60 ਤੋਂ 70 ਯਾਤਰੀ ਸਵਾਰ ਸਨ।

## ਪਾਕਿਸਤਾਨ ਵੱਲੋਂ ਭਾਰਤ ਨੂੰ ਸਿੰਧੂ ਜਲ ਸੰਧੀ 'ਤੇ ਮੁੜ ਵਿਚਾਰ ਕਰਨ ਦੀ ਅਪੀਲ

ਨਵੀਂ ਦਿੱਲੀ, 15 ਮਈ (ਪ੍ਰਤੀਨਿਧੀ) : ਪਾਕਿਸਤਾਨ ਨੇ ਭਾਰਤ ਨੂੰ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਦੇ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ। ਪਾਕਿਸਤਾਨ ਨੇ ਕਿਹਾ ਹੈ ਕਿ 1960 ਦੀ ਸੰਧੀ ਰਾਹੀਂ ਨਿਯੰਤ੍ਰਿਤ ਕੀਤੇ ਜਾ ਰਹੇ ਪਾਣੀ 'ਤੇ ਦੇਸ਼ ਦੇ ਕਰੋੜਾਂ ਲੋਕ ਨਿਰਭਰ ਹਨ। ਭਾਰਤ ਨੇ ਪਹਿਲਗਾਮ ਦਹਿਸ਼ਤੀ ਹਮਲੇ ਤੋਂ ਇਕ ਦਿਨ ਬਾਅਦ 23 ਅਪਰੈਲ ਨੂੰ ਸੁਰੱਖਿਆ ਬਾਰੇ ਕੈਬਨਿਟ ਕਮੇਟੀ (ਸੀਸੀਐਸ) ਦੇ ਫੈਸਲੇ ਦੇ ਆਧਾਰ 'ਤੇ ਸੰਧੀ ਨੂੰ ਮੁਅੱਤਲ ਕਰ ਦਿੱਤਾ ਸੀ। ਇਸ ਹਮਲੇ ਵਿਚ 26 ਭਾਰਤੀ ਮਾਰੇ ਗਏ ਸਨ।



ਇਹ ਅਪੀਲ ਪਾਕਿਸਤਾਨ ਦੇ ਜਲ ਸਰੋਤ ਮੰਤਰਾਲੇ ਦੇ ਸਕੱਤਰ ਸਈਅਦ ਅਲੀ ਮੁਰਤਜ਼ਾ ਵਲੋਂ ਭਾਰਤ ਦੇ ਜਲ ਸ਼ਕਤੀ ਮੰਤਰਾਲੇ ਦੀ ਸਕੱਤਰ ਦੇਬਾਸ਼੍ਰੀ ਮੁਖਰਜੀ ਨੂੰ ਲਿਖੇ ਪੱਤਰ ਵਿੱਚ ਕੀਤੀ ਗਈ ਹੈ। ਭਾਰਤ ਨੇ ਫਿਲਹਾਲ ਇਸ ਪੱਤਰ 'ਤੇ ਰਸਮੀ ਤੌਰ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ। ਹਾਲਾਂਕਿ, ਸੂਤਰਾਂ ਨੇ ਕਿਹਾ ਕਿ ਸੁਰੱਖਿਆ ਬਾਰੇ ਕੈਬਨਿਟ ਕਮੇਟੀ ਵੱਲੋਂ 23 ਅਪਰੈਲ ਨੂੰ ਪਹਿਲਗਾਮ ਵਿੱਚ ਸੈਲਾਨੀਆਂ ਦੀ ਹੱਤਿਆ ਦੇ ਬਦਲੇ ਵਜੋਂ ਸੰਧੀ ਨੂੰ ਰੋਕਣ ਲਈ ਲਏ ਗਏ ਫੈਸਲੇ 'ਤੇ ਇਸ ਦਾ ਕੋਈ ਅਸਰ ਨਹੀਂ ਹੋਵੇਗਾ। ਸੁਰੱਖਿਆ ਸਬੰਧੀ ਕੈਬਨਿਟ ਕਮੇਟੀ ਨੇ ਪਹਿਲਗਾਮ ਅਤਿਵਾਦੀ ਹਮਲੇ ਦੇ ਮੱਦੇਨਜ਼ਰ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ, ਪਾਕਿਸਤਾਨੀ ਨਾਗਰਿਕਾਂ ਦੇ ਵੀਜ਼ਾ ਰੱਦ ਕਰਨ ਸਣੇ ਕਈ ਫ਼ੈਸਲੇ ਲਏ ਸਨ।

## ਪਾਕਿਸਤਾਨ ਨਾਲ ਸਾਡੇ ਸਬੰਧ ਪੂਰੀ ਤਰ੍ਹਾਂ ਦੁਵੱਲੇ ਹੋਣਗੇ: ਜੈਸ਼ੰਕਰ

ਨਵੀਂ ਦਿੱਲੀ, 15 ਮਈ (ਪ੍ਰਤੀਨਿਧੀ) : ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਅੱਜ ਇੱਥੇ ਕਿਹਾ ਕਿ ਪਾਕਿਸਤਾਨ ਨਾਲ ਭਾਰਤ ਦੇ ਸਬੰਧ ਅਤੇ ਵਪਾਰ 'ਪੂਰੀ ਤਰ੍ਹਾਂ ਦੁੱਵਲਾ' ਰਹੇਗਾ ਅਤੇ ਇਸ ਸਬੰਧੀ ਕਈ ਸਾਲਾਂ ਤੋਂ ਕੌਮੀ ਸਹਿਮਤੀ ਬਣੀ ਹੋਈ ਹੈ ਅਤੇ ਇਸ 'ਚ 'ਕਦੇ ਕੋਈ ਬਦਲਾਅ ਨਹੀਂ' ਹੋਵੇਗਾ। ਜੈਸ਼ੰਕਰ ਨੇ ਇੱਥੇ ਇੱਕ ਪ੍ਰੋਗਰਾਮ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਨੇ ਪਹਿਲਗਾਮ ਹਮਲੇ ਦੇ ਦੋਸ਼ੀਆਂ ਨੂੰ ਜਵਾਬਦੇਹ ਠਹਿਰਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਸੀ ਅਤੇ ਸੱਤ ਮਈ ਦੀ ਸਵੇਰੇ "ਅਸੀਂ ਅਪਰੇਸ਼ਨ ਸਿੰਧੂਰ ਜ਼ਰੀਏ ਉਨ੍ਹਾਂ ਨੂੰ ਜਵਾਬਦੇਹ ਠਹਿਰਾਇਆ।"



ਕਸ਼ਮੀਰ ਦੇ ਪਹਿਲਗਾਮ ਅਤਿਵਾਦੀ ਹਮਲੇ ਦੇ ਜਵਾਬ 'ਚ ਭਾਰਤ ਨੇ ਛੇ-ਸੱਤ ਮਈ ਦੀ ਰਾਤ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ (ਪੀਓਕੇ) ਵਿੱਚ ਅਤਿਵਾਦੀ ਟਿਕਾਣਿਆਂ 'ਤੇ ਸਟੀਕ ਹਮਲੇ ਕੀਤੇ ਸੀ, ਜਿਸ ਮਗਰੋਂ ਪਾਕਿਸਤਾਨ ਨੇ 8, 9 ਅਤੇ 10 ਮਈ ਨੂੰ ਭਾਰਤੀ ਫ਼ੌਜੀ ਟਿਕਾਣਿਆਂ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਪਾਕਿਸਤਾਨ ਦੀ ਕਾਰਵਾਈ ਦਾ ਭਾਰਤੀ ਵੱਲੋਂ ਸਖ਼ਤ ਜਵਾਬ ਦਿੱਤਾ ਗਿਆ ਸੀ।

ਦੋਵਾਂ ਦੇਸ਼ਾਂ ਨੇ 10 ਮਈ ਨੂੰ ਮਿਲਟਰੀ ਅਪਰੇਸ਼ਨ ਦੇ ਡਾਇਰੈਕਟਰ ਜਨਰਲਾਂ ਦਰਮਿਆਨ ਹੋਈ ਗੱਲਬਾਤ ਮਗਰੋਂ ਫ਼ੌਜੀ ਕਾਰਵਾਈਆਂ ਨੂੰ ਰੋਕਣ ਬਾਰੇ ਬਣੀ ਸਹਿਮਤੀ ਨਾਲ ਜੰਗ ਖ਼ਤਮ ਹੋਈ ਸੀ।

ਜੈਸ਼ੰਕਰ ਨੇ ਕਿਹਾ, "ਮੇਰੇ ਲਈ ਚੀਜ਼ਾਂ ਬਿਲਕੁਲ ਸਪੱਸ਼ਟ ਹਨ, ਮੈਂ ਇਸ ਮੌਕੇ ਆਪਣੀ ਸਥਿਤੀ ਸਪੱਸ਼ਟ ਕਰਨਾ ਚਾਹੁੰਦਾ ਹਾਂ। ਜਿੱਥੋਂ ਤੱਕ ਪਾਕਿਸਤਾਨ ਦਾ ਸਵਾਲ ਹੈ, ਸਾਡੇ ਸਬੰਧ, ਉਨ੍ਹਾਂ ਨਾਲ ਪੂਰੀ ਤਰ੍ਹਾਂ ਦੁਵੱਲੇ ਰਹਿਣਗੇ।"

ਉਨ੍ਹਾਂ ਕਿਹਾ, "ਕਈ ਸਾਲਾਂ ਤੋਂ ਇਹ ਕੌਮੀ ਸਹਿਮਤੀ ਹੈ ਅਤੇ ਇਸ ਸਹਿਮਤੀ 'ਚ ਕੋਈ ਬਦਲਾਅ ਨਹੀਂ ਆਇਆ ਹੈ ਕਿ ਪਾਕਿਸਤਾਨ ਨਾਲ ਸਬੰਧ ਦੁਵੱਲੇ ਹੋਣਗੇ।"

ਜੈਸ਼ੰਕਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਗੱਲ 'ਬਹੁਤ ਸਪੱਸ਼ਟ' ਕਰ ਦਿੱਤੀ ਹੈ ਕਿ ਪਾਕਿਸਤਾਨ ਨਾਲ ਕੋਈ ਵੀ ਗੱਲਬਾਤ ਸਿਰਫ਼ ਅਤਿਵਾਦ 'ਤੇ ਹੀ ਹੋਵੇਗੀ।

ਵਿਦੇਸ਼ ਮੰਤਰੀ ਨੇ ਕਿਹਾ, "ਪਾਕਿਸਤਾਨ ਕੋਲ ਅਤਿਵਾਦੀਆਂ ਦੀ ਇੱਕ ਸੂਚੀ ਹੈ, ਜਿਸ ਨੂੰ ਸੌਂਪਣ ਦੀ ਲੋੜ ਹੈ। ਉਨ੍ਹਾਂ ਨੂੰ ਅਤਿਵਾਦੀ ਬੁਨਿਆਦੀ ਢਾਂਚੇ ਨੂੰ ਬੰਦ ਕਰਨ ਪਵੇਗਾ, ਉਹ ਜਾਣਦੇ ਹਨ ਕਿ ਕੀ ਕਰਨਾ ਹੈ।"

ਜੈਸ਼ੰਕਰ ਨੇ ਕਿਹਾ, "ਅਤਿਵਾਦੀ 'ਤੇ ਕੀ ਕੀਤਾ ਜਾਣਾ ਚਾਹੀਦਾ ਹੈ, ਅਸੀਂ ਇਸ ਸਬੰਧੀ ਚਰਚਾ ਕਰਨ ਲਈ ਤਿਆਰ ਹਾਂ।"

## ਰਾਸ਼ਟਰਪਤੀ ਨੇ ਸੂਬਿਆਂ ਦੇ ਬਿੱਲਾਂ ਸਬੰਧੀ ਸੁਪਰੀਮ ਕੋਰਟ ਦੇ ਫ਼ੈਸਲੇ 'ਤੇ ਇਤਰਾਜ਼ ਉਠਾਇਆ

### ਸੰਵਿਧਾਨ 'ਚ ਕਿਤੇ ਵੀ ਬਿੱਲਾਂ ਸਬੰਧੀ ਫੈਸਲਾ ਲੈਣ ਦੀ ਸਮਾਂ ਸੀਮਾ ਨਿਰਧਾਰਤ ਨਹੀਂ: ਮੁਰਮੂ; 14 ਸਵਾਲਾਂ 'ਤੇ ਸਰਵਉਚ ਅਦਾਲਤ ਦੀ ਰਾਏ ਮੰਗੀ

ਨਵੀਂ ਦਿੱਲੀ, 15 ਮਈ (ਪ੍ਰਤੀਨਿਧੀ) : ਸੁਪਰੀਮ ਕੋਰਟ ਨੇ ਅੱਠ ਅਪਰੈਲ ਨੂੰ ਕਿਹਾ ਸੀ ਕਿ ਸੂਬਿਆਂ ਵੱਲੋਂ ਭੇਜੇ ਬਿੱਲਾਂ 'ਤੇ ਰਾਜਪਾਲ ਤੈਅ ਕੀਤੇ ਗਏ ਸਮੇਂ ਵਿੱਚ ਫੈਸਲਾ ਲੈਣ ਤੇ ਰਾਜਪਾਲ ਵਲੋਂ ਭੇਜੇ ਬਿੱਲਾਂ 'ਤੇ ਰਾਸ਼ਟਰਪਤੀ ਤਿੰਨ ਮਹੀਨਿਆਂ ਅੰਦਰ ਫੈਸਲਾ ਲੈਣ। ਦੂਜੇ ਪਾਸੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਅੱਜ ਅਜਿਹੇ ਹੁਕਮਾਂ ਦੀ ਵੈਧਤਾ 'ਤੇ ਸਵਾਲ ਚੁੱਕੇ ਹਨ। ਰਾਸ਼ਟਰਪਤੀ ਨੇ ਕਿਹਾ ਕਿ ਸੰਵਿਧਾਨ ਵਿਚ ਕਿਤੇ ਵੀ ਇਨ੍ਹਾਂ ਬਿੱਲਾਂ ਬਾਰੇ ਸਮਾਂ ਸੀਮਾ ਤੈਅ ਨਹੀਂ ਕੀਤੀ ਗਈ।

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸੁਪਰੀਮ ਕੋਰਟ ਤੋਂ 14 ਸਵਾਲ ਪੁੱਛਦਿਆਂ ਸਰਵਉਚ ਅਦਾਲਤ ਦੀ ਰਾਏ ਮੰਗੀ ਹੈ। ਇਹ ਸਵਾਲ 200, 201, 361, 143, 142, 145(3), 131 ਆਰਟੀਕਲ ਤਹਿਤ ਪੁੱਛੇ ਗਏ ਹਨ। ਰਾਸ਼ਟਰਪਤੀ ਨੇ ਪੁੱਛਿਆ ਹੈ ਕਿ ਰਾਜਪਾਲ ਕੋਲ ਕੀ ਵਿਕਲਪ ਹੁੰਦਾ ਹੈ ਜਦ ਕੋਈ ਬਿੱਲ ਉਨ੍ਹਾਂ ਕੋਲ ਆਉਂਦਾਹੈ ਕੀ ਰਾਜਪਾਲ ਨੂੰ ਮੰਤਰੀ ਪਰਿਸ਼ਦ ਦੀ ਸਲਾਹ ਮੰਨਣੀ ਪੈਣੀ ਹੈ, ਕੀ ਰਾਜਪਾਲ ਦੇ ਕੰਮਾਂ ਦੀ ਨਿਆਂਇਕ ਸਮੀਖਿਆ ਕੀਤੀ ਜਾ ਸਕਦੀ ਹੈ। ਰਾਸ਼ਟਰਪਤੀ ਦਾ ਜਵਾਬ ਸਪਸ਼ਟ ਕਰਦਾ ਹੈ ਕਿ ਭਾਰਤ ਦੇ ਸੰਵਿਧਾਨ ਦਾ ਆਰਟੀਕਲ 200 ਰਾਜਪਾਲ ਦੀਆਂ ਸ਼ਕਤੀਆਂ ਅਤੇ ਬਿੱਲਾਂ ਨੂੰ ਮਨਜ਼ੂਰੀ ਦੇਣ ਜਾਂ ਰੋਕਣ ਦੀਆਂ ਪ੍ਰਕਿਰਿਆਵਾਂ ਨੂੰ ਦਰਸਾਉਂਦਾਹੈ, ਇਸ ਦੇ ਨਾਲ ਹੀ ਇਹ ਬਿੱਲ ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵਾਂ ਰੱਖਣ ਦੀ ਸ਼ਕਤੀ ਵੀ ਦਿੰਦਾ ਹੈ। ਹਾਲਾਂਕਿ ਆਰਟੀਕਲ 200 ਰਾਜਪਾਲ ਲਈ ਇਨ੍ਹਾਂ ਸੰਵਿਧਾਨਕ ਵਿਕਲਪਾਂ ਦੀ ਵਰਤੋਂ ਕਰਨ ਲਈ ਕੋਈ ਸਮਾਂ-ਸੀਮਾ ਨਿਰਧਾਰਤ ਨਹੀਂ ਕਰਦਾ।

ਇਸੇ ਤਰ੍ਹਾਂ ਆਰਟੀਕਲ 201 ਬਿੱਲਾਂ ਨੂੰ ਮਨਜ਼ੂਰੀ ਦੇਣ ਜਾਂ ਇਸ ਨੂੰ ਰੋਕਣ ਲਈ ਰਾਸ਼ਟਰਪਤੀ ਦੇ ਅਧਿਕਾਰ ਅਤੇ ਪ੍ਰਕਿਰਿਆ ਦੀ ਰੂਪਰੇਖਾ ਉਲੀਕਦਾ ਹੈ ਤੇ ਇਹ ਵੀ ਸੰਵਿਧਾਨਕ ਸ਼ਕਤੀਆਂ ਦੀ ਵਰਤੋਂ ਲਈ ਕੋਈ ਸਮਾਂ ਸੀਮਾ ਜਾਂ ਪ੍ਰਕਿਰਿਆਵਾਂ ਲਾਗੂ ਨਹੀਂ ਕਰਦਾ।

ਇਸ ਤੋਂ ਪਹਿਲਾਂ ਆਪਣੀ ਤਰ੍ਹਾਂ ਦੇ ਪਹਿਲੇ ਫੈਸਲੇ ਵਿੱਚ ਸੁਪਰੀਮ ਕੋਰਟ ਨੇ 12 ਅਪਰੈਲ ਨੂੰ ਦੇਸ਼ ਦੇ ਰਾਸ਼ਟਰਪਤੀ ਲਈ ਵੀ ਸਮਾਂ ਸੀਮਾ ਨਿਰਧਾਰਤ ਕਰ ਦਿੱਤੀ ਸੀ। ਸਰਵਉਚ ਅਦਾਲਤ ਨੇ ਕਿਹਾ ਸੀ ਕਿ ਰਾਜਪਾਲ ਵਲੋਂ ਭੇਜੇ ਗਏ ਬਿੱਲ 'ਤੇ ਰਾਸ਼ਟਰਪਤੀ ਨੂੰ ਤਿੰਨ ਮਹੀਨਿਆਂ ਦੇ ਅੰਦਰ ਫੈਸਲਾ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਅੱਠ ਅਪਰੈਲ ਨੂੰ ਸੁਪਰੀਮ ਕੋਰਟ ਨੇ ਤਾਮਿਲਨਾਡੂ ਸਰਕਾਰ ਤੇ ਰਾਜਪਾਲ ਦੇ ਮਾਮਲੇ ਵਿਚ ਇਤਿਹਾਸਕ ਫੈਸਲਾ ਸੁਣਾਉਂਦਿਆਂਕਿਹਾ ਸੀ ਕਿ ਰਾਜਪਾਲ ਨੂੰ ਵਿਧਾਨ ਸਭਾ ਵਲੋਂ ਭੇਜੇ ਗਏ ਬਿੱਲ 'ਤੇ ਇਕ ਮਹੀਨੇ ਅੰਦਰ ਫੈਸਲਾ ਲੈਣਾ ਪਵੇਗਾ। ਸੁਪਰੀਮ ਕੋਰਟ ਨੇ ਕਿਹਾ ਸੀ ਕਿ ਰਾਜਪਾਲਾਂ ਵੱਲੋਂ ਭੇਜੇ ਗਏ ਬਿੱਲਾਂ ਦੇ ਮਾਮਲੇ ਵਿਚ ਰਾਸ਼ਟਰਪਤੀ ਕੋਲ ਵੀਟੋ ਦਾ ਅਧਿਕਾਰ ਨਹੀਂ ਹੈ। ਉਨ੍ਹਾਂ ਦੇ ਫੈਸਲੇ ਦੀ ਨਿਆਂਇਕ ਸਮੀਖਿਆ ਕੀਤੀ ਜਾ ਸਕਦੀ ਹੈ।

ਸੁਪਰੀਮ ਕੋਰਟ ਨੇ ਨੇ ਨਿਵੇਕਲੀ ਪਹਿਲ ਕਰਦਿਆਂ ਵਿਧਾਨ ਸਭਾਵਾਂ ਵੱਲੋਂ ਪਾਸ ਕੀਤੇ ਗਏ ਬਿੱਲਾਂ ਸਬੰਧੀ ਰਾਜਪਾਲਾਂ ਦੇ ਫ਼ੈਸਲਾ ਲੈਣ ਲਈ ਇੱਕ ਮਹੀਨੇ ਤੋਂ ਤਿੰਨ ਮਹੀਨਿਆਂ ਦੀ ਸਮਾਂ-ਸੀਮਾ ਨਿਰਧਾਰਤ ਕੀਤੀ ਸੀ। ਬੈਂਚ ਨੇ ਕਿਹਾ ਇਨ੍ਹਾਂ ਬਿੱਲਾਂ ਨੂੰ ਉਸੇ ਤਰੀਕ ਤੋਂ ਮਨਜ਼ੂਰ ਮੰਨਿਆ ਜਾਵੇਗਾ ਜਿਸ ਦਿਨ ਇਨ੍ਹਾਂ ਨੂੰ ਮੁੜ ਮਨਜ਼ੂਰੀ ਲਈ ਰਾਜਪਾਲ ਅੱਗੇ ਰੱਖਿਆ ਗਿਆ ਹੋਵੇ। ਅਦਾਲਤ ਨੇ ਕਿਹਾ ਕਿ ਸੰਵਿਧਾਨ ਦੀ ਧਾਰਾ 200 ਤਹਿਤ ਰਾਜਪਾਲ ਵੱਲੋਂ ਆਪਣੇ ਕੰਮ ਸੰਪੂਰਨ ਕਰਨ ਲਈ ਕੋਈ ਸਪੱਸ਼ਟ ਸੀਮਾ ਤੈਅ ਨਹੀਂ ਹੈ। ਸਮਾਂ-ਸੀਮਾ ਤੈਅ ਕਰਦਿਆਂ ਬੈਂਚ ਨੇ ਕਿਹਾ ਕਿ ਕਿਸੇ ਬਿੱਲ 'ਤੇ ਮਨਜ਼ੂਰੀ ਰੋਕ ਕੇ ਉਸ ਨੂੰ ਮੰਤਰੀ ਪਰਿਸ਼ਦ ਦੀ ਸਹਾਇਤਾ ਤੇ ਸਲਾਹ ਨਾਲ ਰਾਸ਼ਟਰਪਤੀ ਲਈ ਰਾਖਵਾਂ ਰੱਖਣ ਦੀ ਵੱਧ ਤੋਂ ਵੱਧ ਮਿਆਦ 1 ਮਹੀਨਾ ਹੋਵੇਗੀ।



## ਏਸ਼ੀਆਈ ਬਾਜ਼ਾਰਾਂ 'ਚ ਕਮਜ਼ੋਰ ਰੁਝਾਨਾਂ ਦੇ ਮੱਦੇਨਜ਼ਰ ਸੈਂਸੈਕਸ, ਨਿਫਟੀ 'ਚ ਗਿਰਾਵਟ

ਮੁੰਬਈ, 15 ਮਈ (ਪ੍ਰਤੀਨਿਧੀ) : ਏਸ਼ੀਆਈ ਬਾਜ਼ਾਰਾਂ ਵਿੱਚ ਕਮਜ਼ੋਰ ਰੁਝਾਨਾਂ ਦੇ ਚਲਦਿਆਂ ਬੀਐੱਸਈ ਸੈਂਸੈਕਸ ਅਤੇ ਐੱਨਐੱਸਈ ਨਿਫਟੀ ਵਿਚ ਵੀਰਵਾਰ ਸਵੇਰ ਗਿਰਾਵਟ ਦਰਜ ਕੀਤੀ ਗਈ। ਬੀਐੱਸਈ ਸੈਂਸੈਕਸ ਸ਼ੁਰੂਆਤੀ ਕਾਰੋਬਾਰ ਵਿਚ 106.78 ਅੰਕ ਘਟ ਕੇ 81,223.78 ਅੰਕ 'ਤੇ, ਜਦਕਿ ਐੱਨਐੱਸਈ ਨਿਫਟੀ 38.45 ਅੰਕ ਡਿੱਗ ਕੇ 24,628.45 ਅੰਕ 'ਤੇ ਖੁੱਲਿਆ।

ਹਾਲਾਂਕਿ ਸ਼ੁਰੂਆਤ ਤੋਂ ਬਾਅਦ ਸੈਂਸੈਕਸ 247.22 ਅੰਕ ਘਟ ਕੇ 81,082.80 ਅੰਕ ਤੇ ਅਤੇ ਨਿਫਟੀ 67.15 ਅੰਕ ਡਿੱਗ ਕੇ 24,599.75 ਅੰਕ 'ਤੇ ਵਪਾਰ ਕਰ ਰਿਹਾ ਸੀ।

ਸੈਂਸੈਕਸ ਵਿਚ ਸ਼ਾਮਿਲ 30 ਕੰਪਨੀਆਂ ਵਿੱਚੋਂ ਪਾਵਰ ਗ੍ਰਿਡ, ਇੰਡਸਇੰਡ ਬੈਂਕ, ਐਕਸਿਸ ਬੈਂਕ, ਸਨ ਫਾਰਮਾ, ਇਨਫੋਸਿਸ, ਮਹਿੰਦਰਾ ਐਂਡ ਮਹਿੰਦਰਾ, ਕੋਟਕ ਮਹਿੰਦਰਾ ਬੈਂਕ ਅਤੇ ਐੱਚਡੀਐੱਫਸੀ ਬੈਂਕ ਦੇ ਸ਼ੇਅਰ ਸਭ ਤੋਂ ਵੱਧ ਘਟੇ। ਦੂਜੇ ਪਾਸੇ, ਟਾਟਾ ਮੋਟਰਜ਼, ਅਡਾਨੀ ਪੋਰਟਸ, ਟਾਟਾ ਸਟੀਲ, ਟੈੱਕ ਮਹਿੰਦਰਾ ਅਤੇ ਅਲਟ੍ਰਾਟੈੱਕ ਸੀਮਿੰਟ ਦੇ ਸ਼ੇਅਰਾਂ ਵਿਚ ਤੇਜ਼ੀ ਦਰਜ ਕੀਤੀ ਗਈ। ਸ਼ੇਅਰ ਬਾਜ਼ਾਰ ਦੇ ਅੰਕੜਿਆਂ ਮੁਤਾਬਕ ਵਿਦੇਸ਼ੀ ਸੰਸਥਾਗਤ ਨਿਵੇਸ਼ਕ (699) ਬੁੱਧਵਾਰ ਨੂੰ ਖਰੀਦਦਾਰ ਰਹੇ ਤੇ ਉਨ੍ਹਾਂ ਨੇ 931.80 ਕਰੋੜ ਰੁਪਏ ਦੀ ਖ਼੍ਰੀਦ ਕੀਤੀ।

ਉਧਰ ਸ਼ੁਰੂਆਤੀ ਕਾਰੋਬਾਰ ਵਿਚ ਅਮਰੀਕੀ ਡਾਲਰ ਦੇ ਮੁਕਾਬਲੇ ਰੁਪੱਈਆ 32 ਪੈਸੇ ਡਿੱਗ ਕੇ 85.64 'ਤੇ ਆ ਗਿਆ।


## ਸੰਪਾਦਕੀ

# ਚੀਨ ਦੇ ਨਾਪਾਕ ਇਰਾਦੇ

ਚੀਨ ਹਮੇਸ਼ਾ ਤੋਂ ਭਾਰਤੀ ਜ਼ਮੀਨ ’ਤੇ ਦਾਅਵਾ ਕਰਨ ਦੇ ਤਰੀਕੇ ਲੱਭਦਾ ਰਿਹਾ ਹੈ। ਉਹ ਅਰੁਣਾਚਲ ਨੂੰ ਆਪਣਾ ਹਿੱਸਾ ਦੱਸਦਾ ਰਿਹਾ ਹੈ। ਇਸਦੇ ਸਿਪਾਹੀ ਅਸਲ ਕੰਟਰੋਲ ਰੇਖਾ ਪਾਰ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਕਾਰਨ ਦੋਵਾਂ ਦੇਸ਼ਾਂ ਵਿਚਾਲੇ ਕਈ ਵਾਰ ਤਣਾਅ ਵਧਦਾ ਰਹਿੰਦਾ ਹੈ। ਲਗਭਗ ਪੰਜ ਸਾਲ ਪਹਿਲਾਂ, ਇਸਦੇ ਸੈਨਿਕ ਗਲਵਾਨ ਘਾਟੀ ਵਿੱਚ ਦਾਖਲ ਹੋਏ ਸਨ ਅਤੇ ਉਨ੍ਹਾਂ ਨੂੰ ਰੋਕਣ ਲਈ ਇੱਕ ਖੂਨੀ ਸੰਘਰਸ਼ ਹੋਇਆ ਸੀ। ਉਦੋਂ ਤੋਂ ਹੀ ਦੋਵਾਂ ਦੇਸ਼ਾਂ ਦੇ ਸਬੰਧ ਤਣਾਅਪੂਰਨ ਬਣੇ ਹੋਏ ਹਨ। ਇਸ ਦੌਰਾਨ ਇਸਨੇ ਅਰੁਣਾਚਲ ਦੇ ਕੁਝ ਸਥਾਨਾਂ ਦੇ ਨਾਮ ਬਦਲ ਦਿੱਤੇ ਤਾਂ ਜੋ ਇਹ ਦਿਖਾਇਆ ਜਾ ਸਕੇ ਕਿ ਉਹ ਇਸਦਾ ਹਿੱਸਾ ਹਨ। 2017 ਵਿੱਚ, ਇਸਨੇ ਅਰੁਣਾਚਲ ਪ੍ਰਦੇਸ਼ ਦੇ ਛੇ ਸਥਾਨਾਂ ਲਈ ਨਵੇਂ ਨਾਵਾਂ ਦੀ ਇੱਕ ਸੂਚੀ ਜਾਰੀ ਕੀਤੀ। ਇਸ ਤੋਂ ਬਾਅਦ, 2021 ਵਿੱਚ ਪੰਦਰਾਂ ਥਾਵਾਂ ਦੀ ਦੂਜੀ ਸੂਚੀ ਜਾਰੀ ਕੀਤੀ ਗਈ ਅਤੇ 2023 ਵਿੱਚ ਗਿਆਰਾਂ ਵਾਧੂ ਥਾਵਾਂ ਦੇ ਨਾਵਾਂ ਦੀ ਇੱਕ ਹੋਰ ਸੂਚੀ ਜਾਰੀ ਕੀਤੀ ਗਈ। ਪਿਛਲੇ ਮਹੀਨੇ ਇਸਨੇ 30 ਥਾਵਾਂ ਦੇ ਨਾਮ ਬਦਲਦੇ ਹੋਏ ਇੱਕ ਹੋਰ ਸੂਚੀ ਜਾਰੀ ਕੀਤੀ। ਹੁਣ ਕੁਝ ਹੋਰ ਥਾਵਾਂ ਦੇ ਨਾਮ ਬਦਲ ਦਿੱਤੇ ਗਏ ਹਨ। ਹਰ ਵਾਰ ਭਾਰਤ ਵੱਲੋਂ ਉਸ ਦੀਆਂ ਕਾਰਵਾਈਆਂ ’ਤੇ ਤਿੱਖੀ ਪ੍ਰਤੀਕਿਰਿਆ ਆਈ ਹੈ, ਫਿਰ ਵੀ ਉਹ ਆਪਣੀਆਂ ਚਾਲਾਂ ਤੋਂ ਬਾਜ਼ ਨਹੀਂ ਆਉਂਦਾ। ਭਾਰਤ ਨੇ ਫਿਰ ਦੁਹਰਾਇਆ ਹੈ ਕਿ ਅਰੁਣਾਚਲ ਹਮੇਸ਼ਾ ਭਾਰਤ ਦਾ ਹਿੱਸਾ ਰਿਹਾ ਹੈ ਅਤੇ ਰਹੇਗਾ। ਨਾਮ ਬਦਲਣ ਨਾਲ ਕੋਈ ਜਗ੍ਹਾ ਕਿਸੇ ਹੋਰ ਦੀ ਨਹੀਂ ਹੋ ਜਾਂਦੀ। ਭਾਵੇਂ ਭਾਰਤ ਅਤੇ ਚੀਨ ਵਿਚਕਾਰ ਸੀਮਾ ਰੇਖਾ ਬਹੁਤ ਪਹਿਲਾਂ ਹੀ ਨਿਸ਼ਾਨਬੱਧ ਕੀਤੀ ਗਈ ਹੈ, ਪਰ ਚੀਨ ਇਸਨੂੰ ਆਪਣੀ ਵਿਸਥਾਰਵਾਦੀ ਨੀਤੀ ਦੇ ਹਿੱਸੇ ਵਜੋਂ ਸਵੀਕਾਰ ਕਰਨ ਤੋਂ ਇਨਕਾਰ ਕਰਦਾ ਆ ਰਿਹਾ ਹੈ। ਭਾਰਤ ਦੇ ਹਿੱਸੇ ਦੀ ਜ਼ਮੀਨ ’ਤੇ ਕਬਜ਼ਾ ਕਰਨ ਦੇ ਇਰਾਦੇ ਨਾਲ, ਉਹ ਚੋਰੀ-ਛਿਪੇ ਅਤੇ ਧੋਖੇ ਨਾਲ ਘੁਸਪੈਠ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਇਸ ਨੀਤੀ ਦੇ ਤਹਿਤ ਇਹ ਭਾਰਤ ਦੇ ਗੁਆਂਢੀ ਦੇਸ਼ਾਂ ਵਿੱਚ ਆਪਣੀ ਮੌਜੂਦਗੀ ਸਥਾਪਤ ਕਰਕੇ ਅਤੇ ਪੁਲ, ਸੜਕਾਂ, ਵਪਾਰਕ ਕੇਂਦਰਾਂ ਆਦਿ ਦਾ ਨਿਰਮਾਣ ਕਰਕੇ ਭਾਰਤ ਦੀਆਂ ਸਰਹੱਦਾਂ ’ਤੇ ਤਣਾਅ ਪੈਦਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਭਾਰਤ ਦੀ ਰਣਨੀਤਕ ਸ਼ਕਤੀ ਅਤੇ ਰਣਨੀਤਕ ਸਿਆਣਪ ਕਾਰਨ ਇਹ ਸਫਲ ਨਹੀਂ ਹੋ ਸਕਿਆ। ਹਾਲ ਹੀ ਵਿੱਚ, ਆਪ੍ਰੇਸ਼ਨ ਸਿੰਦੂਰ ਦੇ ਤਹਿਤ, ਭਾਰਤ ਨੇ ਪਾਕਿਸਤਾਨ-ਸਮਰਥਿਤ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰਨ ਲਈ ਇੱਕ ਮੁਹਿੰਮ ਸ਼ੁਰੂ ਕੀਤੀ; ਫਿਰ ਵੀ ਚੀਨ ਇਸਦੇ ਸਮਰਥਨ ਵਿੱਚ ਸਾਹਮਣੇ ਆਇਆ। ਜਦੋਂ ਵੀ ਭਾਰਤ ਨੇ ਪਾਕਿਸਤਾਨ ਵਿੱਚ ਪਨਾਹ ਲੈ ਰਹੇ ਅੱਤਵਾਦੀਆਂ ਨੂੰ ਅੰਤਰਰਾਸ਼ਟਰੀ ਅੱਤਵਾਦੀਆਂ ਦੀ ਸੂਚੀ ਵਿੱਚ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਹੈ, ਚੀਨ ਨੇ ਸੰਯੁਕਤ ਰਾਸ਼ਟਰ ਵਿੱਚ ਆਪਣਾ ਵੀਟੋ ਵਰਤ ਕੇ ਇਸਨੂੰ ਰੋਕਣ ਦੀ ਕੋਸ਼ਿਸ਼ ਕੀਤੀ ਹੈ, ਜਦੋਂ ਕਿ ਪੂਰੀ ਦੁਨੀਆ ਅੱਤਵਾਦ ਵਿਰੁੱਧ ਜੰਗ ਦਾ ਸਮਰਥਨ ਕਰਦੀ ਰਹੀ ਹੈ। ਚੀਨ ਇਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਸਿਰਫ਼ ਥਾਵਾਂ ਦੇ ਨਾਮ ਬਦਲਣ ਨਾਲ ਉਹ ਖੇਤਰ ਆਪਣਾ ਨਹੀਂ ਬਣ ਜਾਵੇਗਾ। ਪਰ ਫਿਰ ਵੀ, ਅਜਿਹੀਆਂ ਹਰਕਤਾਂ ਕਰਕੇ, ਉਹ ਸੋਚਦਾ ਹੈ ਕਿ ਅੰਤਰਰਾਸ਼ਟਰੀ ਭਾਈਚਾਰਾ ਉਸਨੂੰ ਸਵੀਕਾਰ ਕਰ ਲਵੇਗਾ। ਪਿਛਲੇ ਓਲੰਪਿਕ ਦੌਰਾਨ, ਇਸਨੇ ਅਰੁਣਾਚਲ ਦੇ ਦੋ ਐਥਲੀਟਾਂ ਨੂੰ ਦਾਖਲ ਹੋਣ ਤੋਂ ਰੋਕ ਦਿੱਤਾ ਸੀ ਕਿਉਂਕਿ ਇਸਨੇ ਅਰੁਣਾਚਲ ਦੇ ਕਿਸੇ ਵੀ ਦਸਤਾਵੇਜ਼ ’ਤੇ ਭਾਰਤ ਦਾ ਨਾਮ ਸਵੀਕਾਰ ਨਹੀਂ ਕੀਤਾ ਸੀ। ਕੁਝ ਮੌਕਿਆਂ ’ਤੇ ਉਸਨੇ ਆਪਣੇ ਨਕਸ਼ੇ ਵਿੱਚ ਅਰੁਣਾਚਲ ਨੂੰ ਸ਼ਾਮਲ ਕਰਕੇ ਦੁਨੀਆਂ ਨੂੰ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਉਸਦਾ ਇਲਾਕਾ ਹੈ। ਪਰ ਭਾਰਤ ਦੇ ਸਖ਼ਤ ਵਿਰੋਧ ਕਾਰਨ, ਇਸਨੂੰ ਹਰ ਵਾਰ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਦਰਅਸਲ, ਭਾਰਤ ਦੀ ਵਧਦੀ ਆਰਥਿਕ ਅਤੇ ਰਣਨੀਤਕ ਸ਼ਕਤੀ ਚੀਨ ਨੂੰ ਪਰੇਸ਼ਾਨ ਕਰ ਰਹੀ ਹੈ, ਇਸ ਲਈ ਉਹ ਚੋਰੀ ਅਤੇ ਚਲਾਕੀ ਰਾਹੀਂ ਭਾਰਤ ਨੂੰ ਕਮਜ਼ੋਰ ਕਰਨ ਦੀਆਂ ਚਾਲਾਂ ਜਾਰੀ ਰੱਖਦਾ ਹੈ। ਇਹ ਅਜੀਬ ਹੈ ਕਿ ਉਹ ਗੱਲਬਾਤ ਰਾਹੀਂ ਸਰਹੱਦੀ ਵਿਵਾਦ ਨੂੰ ਹੱਲ ਕਰਨ ਦੀ ਗੱਲ ਕਰਦਾ ਹੈ, ਪਰ ਇਸ ਲਈ ਕਦੇ ਵੀ ਕੋਈ ਗੰਭੀਰ ਪਹਿਲ ਨਹੀਂ ਕਰਦਾ।

**- ਜਗਜੀਤ ਸਿੰਘ ਦਰਦੀ**

# ਸਿੱਖ ਇਤਿਹਾਸ ਦਾ ਖ਼ੂਨੀ ਪੰਨਾ : ਛੋਟਾ ਘੱਲੂਘਾਰਾ



ਡਾ. ਚਰਨਜੀਤ ਸਿੰਘ
(ਗੁਮਟਾਲਾ)
ਮੋ. 94175-33060



ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਘੱਲੂਘਾਰਾ ਦਾ ਮਤਲਬ ਹੈ ਤਬਾਹੀ, ਗ਼ਾਰਤੀ, ਸਰਵਨਾਸ਼। ਉਨ੍ਹਾਂ ਅਨੁਸਾਰ 2 ਜੇਠ ਸੰਮਤ 1803 ਵਿਚ ਦੀਵਾਨ ਲਖਪਤ ਰਾਇ ਨਾਲ ਜੋ ਖਾਲਸੇ ਦੀ ਲੜਾਈ ਕਾਨੂੰਵਾਣ ਦੇ ਛੰਭ ਪਾਸ ਹੋਈ, ਉਹ ਛੋਟਾ ਘੱਲੂਘਾਰਾ ਅਤੇ 28 ਮਾਘ ਸੰਮਤ 1818 (5 ਫਰਵਰੀ 1762) ਨੂੰ ਅਹਿਮਦ ਸ਼ਾਹ ਦੁਰਾਨੀ ਨਾਲ ਰਾਇਪੁਰ ਗੁਜਰਵਾਲ ਪਾਸ ਕੁੱਪਰਹੀਕੇ ਦੇ ਮਕਾਮ ਹੋਈ ਉਹ ਵੱਡਾ ਘੱਲੂਘਾਰਾ ਸਿੱਖ ਇਤਿਹਾਸ ਵਿਚ ਪ੍ਰਸਿੱਧ ਹੈ।

ਜਿੱਥੋਂ ਤੀਕ ਛੋਟੇ ਘੱਲੂਘਾਰੇ ਦਾ ਸਬੰਧ ਹੈ, ਇਸ ਦੇ ਇਤਿਹਾਸਿਕ ਪਿਛੋਕੜ ’ਤੇ ਜਦ ਅਸੀਂ ਝਾਤ ਪਾਉਂਦੇ ਹਾਂ ਤਾਂ ਪਤਾ ਲਗਦਾ ਹੈ ਕਿ 1 ਜੁਲਾਈ 1745 ਨੂੰ ਜ਼ਕਰੀਆ ਖ਼ਾਨ ਦੀ ਮੌਤ ਹੋ ਗਈ। ਉਸ ਦੇ ਤਿੰਨ ਪੁੱਤਰ ਸਨ ਤੇ ਤਿੰਨੋਂ ਹੀ ਆਪਣੇ ਆਪ ਨੂੰ ਯੋਗ ਵਾਰਸ ਸਮਝਦੇ ਸਨ। ਸਭ ਤੋਂ ਵੱਡੇ ਦਾ ਨਾਂ ਯਾਹੀਆ ਖ਼ਾਨ ਸੀ, ਦੂਜੇ ਦਾ ਹਿਯਾਤ ਉੱਲਾ ਖ਼ਾਨ (ਉਸ ਨੂੰ ਸ਼ਾਹਨਵਾਜ ਵੀ ਕਹਿੰਦੇ ਸਨ) ਤੇ ਤੀਸਰੇ ਦਾ ਨਾਮ ਮੀਰ ਬੱਕੀਯ ਸੀ।

ਯਹੀਆ ਖ਼ਾਨ ਨੇ ਤਾਕਤ ਹੱਥ ਵਿੱਚ ਲੈਂਦੇ ਸਾਰ ਹੀ ਦੀਵਾਨ ਲਖਪਤ ਰਾਇ ਨੂੰ ਦੀਵਾਨ ਥਾਪਿਆ ਜੋ ਕਿ ਜਸਪਤ ਰਾਇ ਦਾ ਵੱਡਾ ਭਰਾ ਸੀ। ਜਦ ਲਖਪਤ ਰਾਇ ਨੇ ਸਿੱਖਾਂ ਦਾ ਰੋੜੀ ਸਾਹਿਬ ਜੁੜਨਾ ਸੁਣਿਆ ਤਾਂ ਉਸ ਨੇ ਖ਼ਾਸ ਹਦਾਇਤਾਂ ਜਸਪਤ ਰਾਇ ਵੱਲ ਭੇਜੀਆਂ। ਜਸਪਤ ਰਾਇ ਨੇ ਇਕੱਠੇ ਸਿੱਖਾਂ ਉੱਤੇ ਹੱਲਾ ਕਰ ਦਿੱਤਾ। ਸਿੱਖ ਵੀ ਟਾਕਰੇ ’ਤੇ ਡੱਟ ਗਏ। ਜਸਪਤ ਰਾਇ ਹਾਥੀ ਉੱਤੇ ਚੜ੍ਹਿਆ, ਫੌਜਾਂ ਨੂੰ ਹਮਲਾ ਕਰਨ ਦੇ ਹੁਕਮ ਦੇ ਰਿਹਾ ਸੀ ਕਿ ਭਾਈ ਨਿਬਾਹੂ ਸਿੰਘ ਨੇ ਅੱਗੇ ਵੱਧ ਕੇ ਜਸਪਤ ਰਾਇ ਉੱਤੇ ਹਮਲਾ ਕਰ ਦਿੱਤਾ। ਹਾਥੀ ਦੀ ਪੂਛ ਪਕੜ ਕੇ ਹੁੱਦੇ ਵਿੱਚ ਉਹ ਜਾ ਵੜਿਆ ਅਤੇ ਜਸਪਤ ਰਾਇ ਦਾ ਸਿਰ ਵੱਢ ਆਂਦਾ। ਸਿੰਘਾਂ ਸ਼ਹਿਰ ਵਿੱਚੋਂ ਰਸਦ ਪਾਣੀ ਲਿਆ ਲੰਗਰ ਚਲਾਏ ਅਤੇ ਅੱਗੇ ਚਲੇ ਗਏ। ਜਸਪਤ ਰਾਇ ਦਾ ਸਿਰ ਗੁਸਾਈਂ ਕਿਰਪਾ ਰਾਮ ਬਦੋਂਕੀ ਨੂੰ 500 ਰੁਪਏ ਲੈ ਕੇ ਵਾਪਸ ਕੀਤਾ। ਲਖਪਤ ਰਾਇ ਨੇ ਜਦ ਜਸਪਤ ਰਾਇ ਦੀ ਮੌਤ ਦੀ ਖ਼ਬਰ ਸੁਣੀ ਤਾਂ ਲੋਹਾ ਲਾਖਾ ਹੋ ਗਿਆ। ਭਰੇ ਦਰਬਾਰ ਵਿੱਚ ਲਖਪਤ ਰਾਇ ਨੇ ਪੱਗੜੀ ਉਤਾਰੀ ਤੇ ਪਾਨ ਦਾ ਬੀੜਾ ਚੁੱਕ ਕੇ ਕਸਮ ਉਠਾਈ ਕਿ ਉਸ ਦਿਨ ਤੱਕ ਪੱਗੜੀ ਸਿਰ ਉੱਤੇ ਨਹੀਂ ਰੱਖਾਂਗਾ ਜਦ ਤੱਕ ਸਿੱਖਾਂ ਨੂੰ ਨਹੀਂ ਮੁਕਾ ਲੈਂਦਾ। ਨਵਾਬ ਯਾਹੀਆ ਖ਼ਾਨ ਨੇ ‘ਯਿਹ ਅੱਛੀ ਕਾਰ’ ਕਹਿ ਹੱਲਾ ਸ਼ੇਰੀ ਦਿੱਤੀ। ਆਪਣੇ ਕੰਮ ਦਾ ਅਰੰਭ ਕਰਨ ਲਈ ਲਾਹੌਰ ਸ਼ਹਿਰ ਦੇ ਸਾਰੇ ਵਸਨੀਕ ਸਿੱਖ ਪਕੜ ਮੰਗਾਏ ਤੇ 10 ਮਾਰਚ 1746 ਦੀ ਤਰੀਕ ਨੀਯਤ ਕੀਤੀ ਗਈ ਕਿ ਉਨ੍ਹਾਂ ਸਭਨਾਂ ਦੇ ਖੋਪਰ ਉਤਾਰ ਕੇ ਸ਼ਹੀਦ ਕਰ ਦਿੱਤਾ ਜਾਏ। ਐਸੀ ਭਿਆਨਕ ਖ਼ਬਰ ਸੁਣ ਕੇ ਸ਼ਹਿਰੀ ਪਤਵੰਤੇ ਹਿੰਦੂ, ਗੁਸਾਈਂ ਜਗਤ ਭਗਤ ਦੀਵਾਨ ਕੌੜਾ ਮੱਲ, ਦੀਵਾਨ ਲੱਛੀ ਰਾਮ, ਸੂਰਤ ਸਿੰਘ, ਦੀਵਾਨ ਦੇਸ ਰਾਜ, ਚੌਧਰੀ ਜਵਾਹਰ ਮੱਲ ਦੀ ਅਗਵਾਈ ਹੇਠਾਂ ਲੱਖਪਤ ਰਾਇ ਨੂੰ ਬੇਦੋਸ਼ਿਆਂ ਦੇ ਖ਼ੂਨ ਕਰਨ ਤੋਂ ਰੋਕਣ ਆਏ ਅਤੇ ਇੱਥੋਂ ਤੱਕ ਕਿਹਾ ਕਿ ਸਾਡੀ ਖ਼ਾਤਰ ਛੱਡ ਦਿਓ। ਉਨ੍ਹਾਂ ਇਹ ਵੀ ਕਿਹਾ ਕਿ 10 ਮਾਰਚ ਨੂੰ ਸੋਮਾਵਤੀ ਅਮਾਵਸ ਹੈ ਉਸ ਦਿਨ ਮਾਰਨਾ ਵੀ ਠੀਕ ਨਹੀਂ, ਪਰ ਉਸ ਆਖਿਆ ਕਿ ਜੇ ਰੱਬ ਵੀ ਕਹੇ ਤਾਂ ਵੀ ਨਹੀਂ ਛੱਡਾਂਗਾ।

ਜ਼ਕਰੀਆ ਖਾਂ ਨੇ ਡੱਲੇਵਾਲ ਦਾ ਕਿਲ੍ਹਾ ਢਾਹ ਦਿੱਤਾ। ਸਿੱਖਾਂ ਨੂੰ ਚੁਣ ਚੁਣ ਕੇ ਮਾਰਿਆ ਗਿਆ। ਉਨ੍ਹਾਂ ਦੇ ਸਿਰਾਂ ਦੇ ਇਨਾਮ ਰੱਖੇ ਗਏ। ਸੈਂਕੜੇ ਹੀ ਸਿੱਖ ਹੱਥਕੜੀਆਂ ਲਾ ਕੇ ਲਿਆਂਦੇ ਗਏ, ਜਿੱਥੇ ਉਨ੍ਹਾਂ ਨੂੰ ਸ਼ਰੇਆਮ ਨਖਾਸ (ਘੋੜਾ ਮੰਡੀ) ਵਿੱਚ ਸਿਰ ਵੱਢ ਕੇ ਮਾਰ ਦਿੱਤਾ ਗਿਆ। ਇਸ ਥਾਂ ਦਾ ਨਾਂ ਮਗਰੋਂ ਸ਼ਹੀਦ ਗੰਜ਼ ਪੈ ਗਿਆ।

ਲੱਖਪਤ ਰਾਇ ਲਾਹੌਰ ਦੇ ਵਸਨੀਕਾਂ ਨੂੰ ਸ਼ਹੀਦ ਕਰਨ ਉਪਰੰਤ ਅੰਮ੍ਰਿਤਸਰ ਵੱਲ ਵਧਿਆ। ਅੰਮ੍ਰਿਤਸਰ ਵੀ ਇੱਕ ਦਮ ਫੌਜਾਂ ਦਾ ਹੱਲਾ ਹੋ ਜਾਣ ਕਾਰਨ ਸਿੱਖ ਟਿਕਾਣਿਆਂ ਵੱਲ ਨਾ ਜਾ ਸਕੇ। ਸਿੱਖਾਂ ਦੀ ਸੋਚ ਬਣੀ ਕਿ ਕਾਹਨੂੰਵਾਨ ਦੇ ਛੰਭਾਂ ਵੱਲ ਚਲਿਆ ਜਾਏ। ਕਾਹਨੂੰਵਾਨ ਦੇ ਛੰਭਾਂ ਵੱਲ ਜਾਂਦੇ ਹੀ ਰਸਤੇ ਵਿੱਚ ਫੌਜਾਂ ਨੇ ਰੋਕ ਪਾ ਕੇ ਸਿੱਖਾਂ ਦੀ ਵਹੀਰ ਦਾ ਮੂੰਹ ਰਾਵੀ ਵੱਲ ਕਰ ਦਿੱਤਾ। ਲੱਖਪਤ ਰਾਇ ਨੇ ਜੰਗਲ ਕਟਵਾਣੇ ਅਰੰਭ ਕਰ ਦਿੱਤੇ ਤੇ ਝਲ ਸਾੜ ਕੇ ਤੋਪਾਂ ਸੇਧ ਕੇ ਸਿੰਘਾਂ ’ਤੇ ਚਲਾਈਆਂ।

ਸਿੰਘਾਂ ਫੈਸਲਾ ਕਰ ਲਿਆ ਕਿ ਝੱਲਾਂ ਵਿੱਚ ਲੁਕਿਆਂ ਸ਼ਹੀਦੀਆਂ ਲੈਣੀਆਂ ਠੀਕ ਨਹੀਂ। ਇਸ ਲਈ ਸੂਰਮੇ ਝੱਲਾਂ ਤੋਂ ਬਾਹਰ ਆ ਗਏ। ਪਰ ਕੁਝ ਵੱਡਿਆਂ ਨੇ ਸਲਾਹ ਦਿੱਤੀ ਕਿ ਤੁਹਾਡੀ ਕੁਰਬਾਨੀ ਅਥਾਹ ਹੈ ਪਰ ਸਿਆਣਪ ਇਸ ਵਿੱਚ ਹੈ ਕਿ ਦਾਅ ਨਾਲ ਲੜਿਆ ਜਾਏ। ਵਿਚਾਰ ਇਹ ਬਣੀ ਕਿ ਬਸੌਲੀ ਦੀਆਂ ਪਹਾੜੀਆਂ ਵਿੱਚ ਪਨਾਹ ਲਈ ਜਾਏ। ‘ਬਸੌਲੀ’ ਵਿੱਚ ਸਿੱਖਾਂ ਦਾ ਸਵਾਗਤ ਗੋਲੀਆਂ ਅਤੇ ਪੱਥਰਾਂ ਨਾਲ ਹੋਇਆ। ਸਿੱਖਾਂ ਨੇ ਆਪਣੇ ਆਪ ਨੂੰ ਚਾਰੇ ਪਾਸਿਓਂ ਘਿਰੇ ਹੋਏ ਪਾਇਆ। ਇਹ ਵਿਚਾਰ ਬਣੀ ਕਿ ਇੱਕ ਜਥਾ ਪਹਾੜੀ ਚੜ੍ਹੇ, ਦੂਜਾ ਰਾਵੀ ਪਾਰ ਕਰੇ, ਭਾਈ ਸੁੱਖਾ ਸਿੰਘ ਮਾੜੀ ਕੰਬੋ ਦੀ ਅਗਵਾਈ ਹੇਠਾਂ ਲਖਪਤ ਰਾਇ ਦਾ ਟਾਕਰਾ ਕਰੇ। ਕਈ ਪਹਾੜੀ ਚੜ੍ਹ ਗਏ। ਦੂਜੇ ਪਾਸੇ ਰਾਵੀ ਲੰਘਣੀ ਇੱਕ ਔਖੀ ਗੱਲ ਹੋ ਗਈ। ਇਹ ਹੀ ਵਿਚਾਰ ਬਣੀ ਕਿ ਪੈਦਲ ਜਥੇ ਪਹਾੜੀਆਂ ਟੱਪ ਕੇ ਕੁਲੂ ਤੇ ਮੰਡੀ ਵੱਲ ਨਿਕਲ ਜਾਣ ਅਤੇ ਜੋ ਘੋੜਿਆਂ ਉੱਤੇ ਹਨ, ਉਹ ਪਿੱਛੇ ਮੁੜ ਕੇ ਟਾਕਰਾ ਕਰਨ। ਇਸੇ ਤਰ੍ਹਾਂ ਕੁਝ ਤਾਂ ਪਹਾੜੀਆਂ ਉੱਤੇ ਚੜ੍ਹ ਗਏ ਤੇ ਮੁਸੀਬਤਾਂ ਝਾਗ ਕੇ ਤਕਰੀਬਨ ਛੇ ਮਹੀਨਿਆਂ ਉਪਰੰਤ ਕੀਰਤਪੁਰ ਆ ਸਿੱਖਾਂ ਨੂੰ ਮਿਲੇ। ਬਾਕੀ ਸਿੰਘ ਰਹਿ ਗਏ ਉਨ੍ਹਾਂ ਨਿਰਣਾ ਕੀਤਾ ਕਿ ਗੋਲਕਾਰ ਕਿਲ੍ਹੇ ਦੀ ਸ਼ਕਲ ਬਣਾ ਕੇ ਲਖਪਤ ਰਾਇ ਦੀਆਂ ਫੌਜਾਂ ’ਤੇ ਹੱਲਾ ਬੋਲ ਦਿੱਤਾ ਜਾਏ, ਇੰਝ ਹੀ ਕੀਤਾ ਗਿਆ। ਨਵਾਬ ਕਪੂਰ ਸਿੰਘ ਜੀ ਅਗਵਾਈ ਕਰ ਰਹੇ ਸਨ, ਸਰਦਾਰ ਜੱਸਾ ਸਿੰਘ ਇੱਕ ਸਿਰੇ ਨੂੰ ਸਾਂਭ ਰਹੇ ਸਨ ਤੇ ਸਰਦਾਰ ਸੁੱਖਾ ਸਿੰਘ ਜੀ ਅੱਗੇ ਵੱਧ ਕੇ ਮੋਹਰਲਾ ਪੱਖ ਤੋੜ ਰਹੇ ਸਨ। ਨੇੜੇ ਹੀ ਸੀ ਕਿ ਸੁਰਦਾਰ ਸੁੱਖਾ ਸਿੰਘ ਲਖਪਤ ਰਾਇ ਨੂੰ ਮਾਰ ਮੁਕਾਉਂਦੇ ਕਿ ਉਨ੍ਹਾਂ ਦੇ ਘੋੜੇ ਨੂੰ ਤੋਪ ਦਾ ਇੱਕ ਐਸਾ ਗੋਲਾ ਲੱਗਾ ਕਿ ਉਹਨਾਂ ਦੀ ਲੱਤ ਸਖ਼ਤ ਜ਼ਖ਼ਮੀ ਹੋ ਗਈ ਤੇ ਉਹ ਪਿੱਛੇ ਹਟ ਗਏ। ਪਿੱਛੋਂ ਲੱਤ ਵੱਢ ਕੇ ਲੱਕੜ ਦੀ ਲਗਾਈ ਗਈ।

ਸਰਦਾਰ ਜੱਸਾ ਸਿੰਘ ਜੀ ਦੇ ਪੱਟ ਵਿੱਚ ਵੀ ਗੋਲੀ ਲੱਗੀ ਪਰ ਆਪ ਜੀ ਨੇ ਪੱਟ ਨੂੰ ਹੰਨੇ ਨਾਲ ਬੰਨ੍ਹ ਲਿਆ ਤੇ ਉਸੇ ਤਰ੍ਹਾਂ ਲੜਦੇ ਰਹੇ, ਜਿਵੇਂ ਸੱਟ ਲੱਗੀ ਹੀ ਨਹੀਂ ਹੁੰਦੀ। ਨਵਾਬ ਕਪੂਰ ਸਿੰਘ ਜੀ ’ਤੇ ਸਿੱਧਾ ਵਾਰ ਹੋਇਆ ਪਰ ਗੁਰੂ ਕ੍ਰਿਪਾ ਨਾਲ ਉਹ ਬਚ ਗਏ। ਇਹ ਮਨਸੂਬਾ ਬਣਾਇਆ ਕਿ ਹੁਣ ਤਾਂ ਖਿੰਡ ਪੁੰਡ ਜਾਓ ਤੇ ਫਿਰ ਇਕੱਠੇ ਹੋ ਕੇ ਮਾਝੇ ਮੁੜ ਸ਼ੋਰ ਮਚਾਵੋ। ਇਹ ਘਟਨਾ ਪਹਿਲੀ ਜੂਨ 1746 ਨੂੰ ਹੋਈ। ਬਾਕੀ ਸਿੱਖ ਜੋ ਦੋ ਹਜ਼ਾਰ ਦੇ ਕਰੀਬ ਸਨ, ਪੂਰਬੀ ਕਿਨਾਰੇ ਤੋਂ ਰਾਵੀ ਪਾਰ ਕਰਕੇ ਰੇਤਲੇ ਮੈਦਾਨ ਵਿੱਚ ਨਿਕਲ ਗਏ। ਪਹਿਲੀ ਜੂਨ 1746 ਨੂੰ ਛੋਟੇ ਘੱਲੂਘਾਰੇ ਦਾ ਅਰੰਭ ਸੀ ਤੇ ਦੁੱਖ ਭੁੱਖ ਦੀਆਂ ਮਾਰਾਂ ਸ਼ੁਰੂ ਹੋਈਆਂ ਸਨ। ਰੇਤਲੇ ਮੈਦਾਨਾਂ ਨੂੰ ਜੇਠ ਹਾੜ ਦੀਆਂ ਧੁੱਪਾਂ ਵਿੱਚ ਪਾਰ ਕਰਕੇ ਬਿਆਸ ਤੱਕ ਪੁੱਜਣਾ ਇੱਕ ਹੋਰ ਔਖੀ ਘਾਟੀ ਸੀ।

ਸਿੱਖਾਂ ਪੱਗੜੀਆਂ ਉਤਾਰ ਕੇ ਪੈਰਾਂ ਵਿੱਚ ਬੰਨ੍ਹੀਆਂ ਤੇ ਧੁੱਪਾਂ ਤਨ ਬਦਨ ਤੇ ਸਹਾਰਦੇ ਤੁਰੀ ਗਏ। ਸ੍ਰੀ ਹਰਿਗੋਬਿੰਦਪੁਰ ਦੇ ਲਾਗੇ ਤੋਂ ਬਿਆਸ ਪਾਰ ਕਰ ਗਏ। ਕਈ ਦਿਨਾਂ ਦੇ ਭੁੱਖੇ ਹੋਣ ਕਾਰਨ ਆਪਣੀਆਂ ਢਾਲਾਂ ਨੂੰ ਤਵੇ ਬਣਾ ਕੇ ਰੋਟੀਆਂ ਪਕਾਉਣ ਲੱਗੇ। ਅੱਗ ਦੀ ਥਾਂ ਤਪਦੀ ਰੇਤ ਵਿੱਚ ਢਾਲਾਂ ਗਰਮ ਕਰਨ ਲਈ ਰੱਖੀਆਂ ਤਾਂ ਕਿ ਢਾਲਾਂ ਉੱਤੇ ਰੋਟੀ ਪਕਾਈ ਜਾ ਸਕੇ। ਅਜੇ ਰੋਟੀਆਂ ਪਕਾਉਣ ਹੀ ਲੱਗੇ ਸਨ ਕਿ ਪਠਾਨਾਂ ਦੇ ਇੱਕ ਦਸਤੇ ਨੇ ਹਮਲਾ ਕਰ ਦਿੱਤਾ। ਉਹ ਪਠਾਨਾਂ ਨਾਲ ਸਿੱਝ ਸਕਦੇ ਸਨ ਪਰ ਉਨ੍ਹਾਂ ਨੂੰ ਇਹ ਖ਼ਬਰ ਵੀ ਪੁੱਜ ਚੁੱਕੀ ਸੀ ਕਿ ਲਖਪਤ ਰਾਇ ਫੌਜਾਂ ਨਾਲ ਪਿੱਛੇ ਆ ਰਿਹਾ ਹੈ। ਸਿੱਖ ਸਤਲੁਜ ਪਾਰ ਕਰਨ ਲਈ ਅਲੀਵਾਲ ਵੱਲ ਭੱਜ ਉਠੇ। ਸਤਲੁਜ ਪਾਰ ਕਰਕੇ ਮਾਲਵਾ ਦੀ ਧਰਤੀ ਜਾ ਪੁੱਜੇ। ਮਾਲਵੇ ਦੇ ਸਿੰਘਾਂ ਚੰਗੀ ਦੇਖਭਾਲ ਕੀਤੀ ਅਤੇ ਜਥਿਆਂ ਨੂੰ ਵੰਡ ਕੇ ਸੇਵਾ ਕੀਤੀ। ਜੈਤੋ-ਸਰਦਾਰ ਸੁੱਖਾ ਸਿੰਘ, ਕੋਟਕਪੂਰਾ-ਸਰਦਾਰ ਜੱਸਾ ਸਿੰਘ, ਵਿੰਝੂ ਕੇ-ਸਰਦਾਰ ਤਰਲੋਕ ਸਿੰਘ ਧਿੰਘ, ਦਯਾਲਪੁਰੇ-ਭਾਈ ਹਰੀ ਸਿੰਘ ਭੰਗੀ, ਬਠਿੰਡੇ-ਨਕਈ ਸਰਦਾਰ ਦਮਦਮੇ ਸਾਹਿਬ-ਬਾਬਾ ਦੀਪ ਸਿੰਘ, ਨਵਾਬ ਕਪੂਰ ਸਿੰਘ-ਬਰਨਾਲੇ ਅਤੇ ਸਰਦਾਰ ਚੜ੍ਹਤ ਸਿੰਘ ਪੱਕੇ-ਪਥਰਾਲੇ।

ਇਸ ਤਰ੍ਹਾਂ ਖਿੰਡ ਕੇ ਕੁਝ ਦਿਨ ਕੱਟੇ। ਲਖਪਤ ਰਾਇ ਵੀ ਵਾਪਸ ਮੁੜ ਗਿਆ ਸੀ ਕਿਉਂ ਜੋ ਉਹ ਖਿਆਲ ਕਰਦਾ ਸੀ ਕਿ ਸਿੱਖਾਂ ਦੀ ਕਮਰ ਤੋੜ ਦਿੱਤੀ ਗਈ ਹੈ। ਨਾਲੇ ਲਾਹੌਰ ਦੇ ਹਾਲਾਤ ਮੁੜਨ ਦੀ ਪ੍ਰੇਰਨਾ ਕਰ ਰਹੇ ਸਨ। ਇਸ ਘੱਲੂ-ਘਾਰੇ ਵਿੱਚ 10,000 ਦੇ ਕਰੀਬ ਸਿੱਖਾਂ ਦਾ ਜਾਨੀ ਨੁਕਸਾਨ ਹੋਇਆ ਅਤੇ ਇਹ ਘੱਲੂਘਾਰਾ 30 ਜੂਨ ਤੱਕ ਹੁੰਦਾ ਰਿਹਾ। ਇਸ ਲੜਾਈ ਵਿੱਚ ਬਹੁਤ ਭਾਰੀ ਨੁਕਸਾਨ ਹੋਣ ਕਰਕੇ ਸਿੱਖ ਇਸ ਨੂੰ ਛੋਟਾ ਘੱਲੂਘਾਰਾ ਕਹਿੰਦੇ ਹਨ। ਕਈ ਸਿੱਖਾਂ ਦੇ ਸਿਰਾਂ ਦੇ ਗੱਡੇ ਭਰ ਕੇ ਲਖਪਤ ਰਾਇ ਲਾਹੌਰ ਲੈ ਗਿਆ। ਉੱਥੇ ਹੀ ਸਿਰਾਂ ਦਾ ਮੀਨਾਰ ਉਸਾਰਿਆ। ਕਈ ਸੌ ਜਿਉਂਦੇ ਵੀ ਪਕੜ ਕੇ ਲੈ ਗਿਆ ਅਤੇ ਉਹਨਾਂ ਨੂੰ ਘੋੜਿਆਂ ਦੀ ਮਾਰਕੀਟ (ਨਖਾਸ) ਦੇ ਲਾਗੇ ਸ਼ਹੀਦ ਕੀਤਾ, ਜਿਥੇ ਅੱਜ ਕੱਲ੍ਹ ਸ਼ਹੀਦ ਗੰਜ ਹੈ। ਇਸ ਘਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ ਇਸ ਸਥਾਨ ’ਤੇ ਗੁਰਦੁਆਰਾ ਬਣਾਇਆ ਗਿਆ ਹੈ। ਇਸ ਪਹਿਲੇ ਘਲੂਘਾਰੇ ਦੌਰਾਨ ਉਜਾੜੇ ਗਏ 44 ਪਿੰਡਾਂ ਦੀ ਸੂਚੀ ਸਵਰਨ ਸਿੰਘ ਨੇ ਆਪਣੀ ਪੁਸਤਕ, ਪਹਿਲਾ ਘੱਲੂਘਾਰਾ( ਲੱਖੂ ਭੱਸੂ ਦੇ ਹੰਕਾਰ ਤੇ ਜ਼ਿੱਦ ਦਾ ਸਿੱਟਾ ), ਪ੍ਰਕਾਸ਼ਿਤ ਸਿੰਘ ਬ੍ਰਦਰਜ਼, ਅੰਮ੍ਰਿਤਸਰ ਵਿਚ ਦਿੱਤੀ ਹੈ।

# ਪੰਜਾਬੀ ਡੀਕ ਗਏ ਇਕ ਲੱਖ ਕਰੋੜ ਦੀ ਸ਼ਰਾਬ

ਕਮਲਜੀਤ ਸਿੰਘ ਬਨਵੈਤ
ਮੋ. 98147-34035



- ☛ ਭਾਰਤ ਵਿੱਚ ਸ਼ਰਾਬ ਦੀ ਖ਼ਪਤ ਪਹਿਲਾਂ ਨਾਲੋਂ ਤਿੰਨ ਗੁਣਾ ਵਧੀ
- ☛ ਵਿਸ਼ਵ ਵਿੱਚ ਸ਼ਰਾਬ ਦੀ ਖ਼ਪਤ ਪਹਿਲਾਂ ਨਾਲੋਂ 13 ਗੁਣਾਂ ਹੇਠਾਂ ਆਈ
- ☛ ਪੰਜਾਬ ਦੇ ਪਿੰਡਾਂ ਵਿੱਚ ਠੰਡੀ ਬੀਅਰ ਵਰਤਣ ਲੱਗੀ
- ☛ 2016 ਨੂੰ ਦੁਨੀਆਂ ਵਿੱਚ ਕੁੱਲ ਸ਼ਰਾਬ ਦੀ ਖਪਤ 25 ਅਰਬ ਲੀਟਰ ਸੀ, ਜਿਸ ਵਿੱਚੋਂ ਹੁਣ 13 .ਫ਼ੀਸਦੀ ਘਟੀ
- ☛ ਅਗਲੇ ਤਿੰਨ ਸਾਲਾਂ ਦੌਰਾਨ ਭਾਰਤ ਵਿੱਚ ਸ਼ਰਾਬ ਦੀ ਖ਼ਪਤ 4 .ਫ਼ੀਸਦੀ ਵਧਣ ਦੀ ਸੰਭਾਵਨਾ
- ☛ ਸ਼ਰਾਬ ਦੀ ਵਿੱਕਰੀ ਸਰਕਾਰਾਂ ਲਈ ਵੱਡਾ ਵਿੱਤੀ ਨੁੰਮਣਾ
- ☛ ਸ਼ਰਾਬ ਮਾਫੀਆ ਨੂੰ ਸਿਆਸੀ ਲੀਡਰਾਂ, ਪੁਲਿਸ ਅਤੇ ਅਫਸਰਸ਼ਾਹੀ ਦੀ ਸਰਪ੍ਰਸਤੀ ਪ੍ਰਾਪਤ

ਦੁਨੀਆਂ ਭਰ ਵਿੱਚ ਸ਼ਰਾਬ ਦੀ ਖ਼ਪਤ ਘੱਟ ਰਹੀ ਹੈ ਲੇਕਿਨ 21ਵੀਂ ਸਦੀ ਦੇ ਪਹਿਲੇ ਢਾਈ ਦਹਾਕਿਆਂ ਦੌਰਾਨ ਪੰਜਾਬ ਵਿੱਚ ਸ਼ਰਾਬ ਦੀ ਖ਼ਪਤ ਨੇ ਸਿਖਰਾਂ ਨੂੰ ਛੂਹ ਲਿਆ ਹੈ। ਸਾਲ 2001 ਤੋਂ ਲੈ ਕੇ ਹੁਣ ਤੱਕ ਪੰਜਾਬੀ ਸ਼ਰਾਬ ਪੀਣ ਉੱਤੇ ਕਰੀਬ ਇਕ ਲੱਖ ਕਰੋੜ ਰੁਪਏ ਖ਼ਰਚ ਕਰ ਚੁੱਕੇ ਹਨ। ਕਈ ਸਰਕਾਰਾਂ ਲਈ ਆਬਕਾਰੀ ਵਿਭਾਗ ਵਿੱਤੀ ਨੁੰਮਣਾ ਹੈ। ਚਾਲੂ ਸਦੀ ਦੀ ਸਿਲਵਰ ਜੁਬਲੀ ਮੁਕੰਮਲ ਹੋਣ ਤੱਕ ਇਹ ਅੰਕੜਾ ਇਕ ਲੱਖ ਕਰੋੜ ਨੂੰ ਪਾਰ ਕਰ ਜਾਵੇਗਾ।

ਇੱਕ ਤਾਜ਼ਾ ਰਿਪੋਰਟ ਦੇ ਮੁਤਾਬਕ ਜਿੱਥੇ ਭਾਰਤ ਵਿੱਚ ਸ਼ਰਾਬ ਦੀ ਮੰਗ ਲਗਾਤਾਰ ਵੱਧ ਰਹੀ ਹੈ ਉੱਥੇ ਅਮਰੀਕਾ, ਚੀਨ, ਇੰਗਲੈਂਡ, ਜਰਮਨੀ, ਜਪਾਨ, ਫਰਾਂਸ ਅਤੇ ਇਟਲੀ ਵਰਗੇ ਦੇਸ਼ ਸ਼ਰਾਬ ਤੋਂ ਦੂਰੀ ਬਣਾ ਰਹੇ ਹਨ। ਆਈ ਡਬਲਯੂ ਐਸ ਆਰ ਦੀ ਰਿਪੋਰਟ ਦੇ ਮੁਤਾਬਕ ਭਾਰਤ ਤੋਂ ਇਲਾਵਾ ਬ੍ਰਾਜ਼ੀਲ ਅਤੇ ਮੈਕਸੀਕੋ ਵਿੱਚ ਵੀ ਸ਼ਰਾਬ ਦੀ ਮੰਗ ਵਧੀ ਹੈ।

ਸਾਲ 2002 ਤੋਂ 2007 ਤੱਕ ਪੰਜਾਬ ਵਿੱਚ ਰੋਜ਼ਾਨਾ ਸ਼ਰਾਬ ਦੀ ਖਪਤ 4.01 ਕਰੋੜ ਸੀ ਜਿਹੜੀ ਕਿ 2025-26 ਦੌਰਾਨ ਵੱਧ ਕੇ 24 ਕਰੋੜ ਰੋਜ਼ਾਨਾ ਨੂੰ ਪੁੱਜ ਗਈ ਹੈ। ਇਹ ਵਾਧਾ ਛੇ ਗੁਣਾ ਤੋਂ ਵੱਧ ਬਣਦਾ ਹੈ। ਇਸ ਤੋਂ ਬਿਨਾਂ ਗ਼ੈਰ ਕਾਨੂੰਨੀ ਤੌਰ ’ਤੇ ਵਿਕ ਰਹੀ ਸ਼ਰਾਬ ਦੀ ਖ਼ਪਤ ਦੇ ਅੰਕੜੇ ਵੱਖਰੇ ਹਨ।

ਭਾਰਤ ਵਿੱਚ ਸਾਲ 2005 ਨੂੰ ਪ੍ਰਤੀ ਵਿਅਕਤੀ ਸ਼ਰਾਬ ਦੀ ਖਪਤ 1. 3 ਲੀਟਰ ਸੀ ਪਿਛਲੇ ਵਿੱਤੀ ਸਾਲ ਤੱਕ ਖ਼ਪਤ ਪੰਜ ਗੁਣਾਂ ਦਰਜ ਕੀਤੀ ਗਈ ਸੀ। ਰਿਪੋਰਟ ਵਿੱਚ ਅੰਦਾਜ਼ਾ ਲਾਇਆ ਗਿਆ ਹੈ ਕਿ 2028 ਤੱਕ ਸ਼ਰਾਬ ਦੀ ਖ਼ਪਤ ਵਿੱਚ ਚਾਰ ਗੁਣਾ ਦਾ ਵਾਧਾ ਹੋ ਜਾਵੇਗਾ। ਸਾਲ 2024-25 ਵਿੱਚ ਇੱਕ ਸੂਬੇ ਵਿੱਚ ਸ਼ਰਾਬ ਦੀ ਵਿੱਕਰੀ ਲਗਭਗ 19,730 ਕਰੋੜ ਰੁਪਏ ਤੱਕ ਪਹੁੰਚ ਗਈ ਹੈ ਜਿਹੜੀ ਕਿ 2023-24 ਤੱਕ 19,069 ਕਰੋੜ ਰੁਪਏ ਸੀ। ਇਸ ਦਾ ਮਤਲਬ ਇਹ ਹੋਇਆ ਕਿ ਸ਼ਰਾਬ ਦੀ ਖਪਤ ਵਿੱਚ ਸਾਲਾਨਾ ਸਾਢੇ ਤਿੰਨ ਫੀਸਦ ਦਾ ਵਾਧਾ ਹੋ ਰਿਹਾ ਹੈ।

ਭਾਰਤ ਪਹਿਲਾਂ ਹੀ ਦੁਨੀਆਂ ਵਿੱਚ ਸਭ ਤੋਂ ਵੱਧ ਵਿਸਕੀ ਪੀਣ ਵਾਲਾ ਦੇਸ਼ ਹੈ। ਹੁਣ ਇਹ ਸਿੰਗਲ ਮਾਲਟ ਵਿਸਕੀ ਦਾ ਇੱਕ ਵੱਡਾ ਉਤਪਾਦਕ ਬਣ ਚੁੱਕਿਆ ਹੈ। ਸਾਲ 2022 ਵਿੱਚ ਭਾਰਤ ਦਾ ਸ਼ੁੱਧ ਸ਼ਰਾਬ ਬਾਜ਼ਾਰ ਕਰੀਬ ਤਿੰਨ ਅਰਬ ਲੀਟਰ ਸੀ, ਜਿਹਦਾ 92 ਫ਼ੀਸਦੀ ਹਿੱਸਾ ਵਿਸਕੀ, ਰਮ, ਵੋਧਕਾ, ਟਕੀਲਾ, ਬਰਾਂਡੀ ਅਤੇ ਲੀਕਰ ਜਿਹੀਆਂ ਸ਼ਰਾਬਾਂ ਦਾ ਹੈ। 2016 ਨੂੰ ਦੁਨੀਆਂ ਵਿੱਚ ਕੁੱਲ ਸ਼ਰਾਬ ਦੀ ਖ਼ਪਤ 25 ਅਰਬ ਲੀਟਰ ਸੀ ਜਦੋਂ ਕਿ ਹੁਣ ਇਹ 13 ਫ਼ੀਸਦੀ ਘੱਟ ਚੁੱਕੀ ਹੈ। ਸਾਲ 2013 ਵਿੱਚ ਪ੍ਰਤੀ ਵਿਅਕਤੀ ਸ਼ਰਾਬ ਦੀ ਖਪਤ ਪੰਜ ਲੀਟਰ ਸੀ ਜਿਹੜੀ 2023 ਨੂੰ ਘੱਟ ਕੇ ਚਾਰ ਲੀਟਰ ਰਹਿ ਗਈ ਸੀ। ਭਾਰਤ ਵਿੱਚ ਪ੍ਰਤੀ ਵਿਅਕਤੀ ਖਪਤ ਹਾਲੇ ਵੀ ਘੱਟ ਹੈ ਅਤੇ ਇਸ ਵਿੱਚ ਵਾਧੇ ਦੀ ਗੁੰਜਾਇਸ਼ ਦਿਸ ਰਹੀ ਹੈ। ਭਾਰਤ ਵਿੱਚ ਸ਼ਰਾਬ ਪੀਣਾ ਇੱਕ ਫੈਸ਼ਨ ਬਣਨ ਲੱਗਾ ਹੈ। ਨੌਜਵਾਨ ਮੁੰਡੇ ਕੁੜੀਆਂ ਵਿੱਚ ਇਹ ਫੈਸ਼ਨ ਲਗਾਤਾਰ ਵੱਧ ਰਿਹਾ ਹੈ। ਬਾਜ਼ਾਰ ਵਿੱਚ ਕਈ ਸਥਾਨਕ ਕੰਪਨੀਆਂ ਆ ਗਈਆਂ ਹਨ ਜਿਹੜੀਆਂ ਸਸਤੀ ਅਤੇ ਚੰਗੀ ਕੁਆਲਿਟੀ ਦੀ ਸ਼ਰਾਬ ਬਣਾ ਰਹੀਆਂ ਹਨ। ਦੇਸੀ ਸ਼ਰਾਬ ਬਣਾਉਣ ਵਾਲੇ ਕਈ ਬ੍ਰਾਂਡ ਹੁਣ ਪ੍ਰੀਮੀਅਮ ਸੈਗਮੈਂਟ ਵਿੱਚ ਵੀ ਉੱਤਰ ਚੁੱਕੇ ਹਨ।

ਗ਼ੈਰ ਕਾਨੂੰਨੀ ਤੌਰ ’ਤੇ ਵਿਕ ਰਹੀ ਸ਼ਰਾਬ ਦੀ ਗੱਲ ਕਰੀਏ ਤਾਂ ਪੰਜਾਬ ਸਮੇਤ ਭਾਰਤ ਦੇ ਕਈ ਸੂਬਿਆਂ ਵਿੱਚ ਇਸ ਨੇ ਸੈਂਕੜੇ ਜਾਨਾਂ ਨਿਗਲ ਲਈਆਂ ਹਨ। ਪੰਜਾਬ ਵਿੱਚ ਪਿਛਲੇ ਛੇ ਸਾਲਾਂ ਦੌਰਾਨ ਜ਼ਹਿਰੀਲੀ ਸ਼ਰਾਬ ਨਾਲ 157 ਮੌਤਾਂ ਹੋਈਆਂ ਹਨ।

ਇੱਕ ਹੋਰ ਜਾਣਕਾਰੀ ਅਨੁਸਾਰ ਜ਼ਹਿਰੀਲੀ ਸ਼ਰਾਬ ਕਾਰਨ ਮੌਤਾਂ ਵਿੱਚ ਪੰਜਾਬ ਮੁਲਕ ਭਰ ਵਿੱਚੋਂ ਦੂਜੇ ਥਾਂ ’ਤੇ ਆ ਰਿਹਾ ਹੈ। ਪੂਰੇ ਦੇਸ਼ ਵਿੱਚ 1978 ਤੋਂ ਲੈ ਕੇ ਹੁਣ ਤੱਕ ਜ਼ਹਿਰੀਲੀ ਸ਼ਰਾਬ ਕਾਰਨ 17 ਹਾਦਸੇ ਵਾਪਰੇ ਹਨ, ਜਿਨ੍ਹਾਂ ਵਿੱਚ 2302 ਵਿਅਕਤੀਆਂ ਦੀ ਜਾਨ ਗਈ ਹੈ। ਗੁਜਰਾਤ ਇਸ ਮਾਮਲੇ ਵਿੱਚ ਦੇਸ਼ ਭਰ ਵਿੱਚੋਂ ਅੱਗੇ ਰਿਹਾ ਹੈ, ਜਿੱਥੇ 1987 ਵਿੱਚ ਸਭ ਤੋਂ ਵੱਧ 200 ਵਿਅਕਤੀਆਂ ਦੀ ਜ਼ਹਿਰੀਲੀ ਸ਼ਰਾਬ ਪੀਣ ਨਾਲ ਮੌਤ ਹੋਈ ਸੀ। ਮੌਤਾਂ ਦੀ ਗਿਣਤੀ ਦੇ ਹਿਸਾਬ ਨਾਲ ਪੰਜਾਬ ਦੂਜੇ ਨੰਬਰ ’ਤੇ ਹੈ, ਜਿੱਥੇ ਸਾਲ 2020 ਵਿੱਚ ਜ਼ਹਿਰੀਲੀ ਸ਼ਰਾਬ ਨੇ 121 ਜਾਨਾਂ ਲਈਆਂ ਸਨ। ਮਿਲੀ ਜਾਣਕਾਰੀ ਅਨੁਸਾਰ ਗੁਜਰਾਤ ਵਿੱਚ ਸਾਲ 1976 ਨੂੰ ਸੌ ਮੌਤਾਂ ਅਤੇ 1986 ਵਿੱਚ 108 ਮੌਤਾਂ ਜ਼ਹਿਰੀਲੀ ਸ਼ਰਾਬ ਕਾਰਨ ਹੋਈਆਂ ਸਨ। ਪੰਜਾਬ ਵਿੱਚ ਅਕਤੂਬਰ 2010 ਵਿੱਚ ਦਸੂਹਾ ਇਲਾਕੇ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ 16 ਲੋਕਾਂ ਦੀ ਜਾਨ ਗਈ ਸੀ ਅਤੇ ਉਸ ਤੋਂ ਬਾਅਦ ਜੁਲਾਈ ਅਗਸਤ 2020 ਵਿੱਚ ਮਾਝੇ ਇਲਾਕੇ ਵਿੱਚ 121 ਜਾਨਾਂ ਚਲੀ ਗਈਆਂ ਸਨ। ਆਮ ਆਦਮੀ ਪਾਰਟੀ ਸਰਕਾਰ ਦੇ ਕਾਰਜਕਾਲ ਦੌਰਾਨ ਮਾਰਚ 2024 ਵਿੱਚ ਦਿੜਬਾ ਅਤੇ ਸੁਨਾਮ ਬਲਾਕ ਵਿੱਚ 20 ਲੋਕਾਂ ਦੀ ਜਾਨ ਜ਼ਹਿਰੀਲੀ ਸ਼ਰਾਬ ਕਾਰਨ ਚਲੀ ਗਈ ਸੀ ਅਤੇ ਹੁਣ ਮਜੀਠਾ ਇਲਾਕੇ ਵਿੱਚ ਜ਼ਹਿਰੀਲੀ ਸ਼ਰਾਬ ਕਾਰਨ 21 ਲੋਕਾਂ ਦੀ ਮੌਤ ਹੋ ਗਈ ਹੈ। ਮਾਝੇ ਵਿੱਚ 12 ਮਈ ਨੂੰ ਵੀ ਅੱਠ ਲੋਕਾਂ ਦੀ ਮੌਤ ਹੋਈ ਸੀ ਪਰ ਖ਼ਬਰ ਪੂਰੀ ਤਰ੍ਹਾਂ ਨਸ਼ਰ ਨਹੀਂ ਹੋ ਸਕੀ ਸੀ।

ਸੂਬੇ ਵਿੱਚ ਕਾਂਗਰਸ ਜਾਂ ਅਕਾਲੀ ਦਲ ਦੀ ਸਰਕਾਰ ਤਾਂ ਬਦਲ ਗਈ ਪਰ ਨਕਲੀ ਸ਼ਰਾਬ ਦਾ ਕਾਰੋਬਾਰ ਬੰਦ ਨਹੀਂ ਹੋਇਆ ਹੈ। ਇੱਕ ਹਫ਼ਤੇ ਦੌਰਾਨ ਮਾਝੇ ਵਿੱਚ ਨਕਲੀ ਸ਼ਰਾਬ ਪੀਣ ਨਾਲ ਦੋ ਵੱਡੇ ਹਾਦਸੇ ਵਾਪਰ ਰਹੇ ਹਨ। ਦੋਹਾਂ ਹਾਦਸਿਆਂ ਵਿੱਚ 29 ਲੋਕਾਂ ਦੀ ਮੌਤ ਹੋਈ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਮਾਝਾ ਖੇਤਰ ਵਿੱਚ 121 ਮੌਤਾਂ ਹੋਈਆਂ ਸਨ। ਸਿਤਮ ਦੀ ਗੱਲ ਇਹ ਕਿ ਕਾਂਗਰਸੀ ਹਕੂਮਤ ਦੌਰਾਨ ਜਦੋਂ 29 ਜੁਲਾਈ 2020 ਨੂੰ ਮਾਝੇ ਵਿੱਚ ਜ਼ਹਿਰੀਲੀ ਸ਼ਰਾਬ ਕਾਰਨ ਵੱਡਾ ਦੁਖਾਂਤ ਵਾਪਰਿਆ ਸੀ ਤਾਂ ਉਦੋਂ ਘਟਨਾ ਤੋਂ 11 ਦਿਨ ਮਗਰੋਂ ਅੱਠ ਅਗਸਤ ਨੂੰ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪੀੜਤਾਂ ਦੀ ਸਾਰ ਲੈਣ ਪਹੁੰਚੇ ਸਨ। ਸਰਕਾਰ ਦੇ ਦੂਜੇ ਮੰਤਰੀ ਵੀ ਹਫ਼ਤੇ ਬਾਅਦ ਹੀ ਦੁੱਖ ਸਾਂਝਾ ਕਰਨ ਲਈ ਪੁੱਜੇ ਸਨ। ਅਗਲੇ ਪਿਛਲੇ ਸਾਲ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਪਣੇ ਜ਼ਿਲ੍ਹੇ ਸੰਗਰੂਰ ਵਿੱਚ 14 ਲੋਕਾਂ ਦੀ ਜਾਨ ਗਈ ਸੀ। ਮੰਤਰੀ ਭਗਵੰਤ ਸਿੰਘ ਮਾਨ ਇਸ ਨੂੰ ਸ਼ਰਾਬ ਪੀਣ ਨਾਲ ਹੋਈ ਮੌਤ ਨਹੀਂ ਸਗੋਂ ਕਤਲ ਦੱਸਦੇ ਹਨ।

ਦੁੱਖ ਦੀ ਗੱਲ ਇਹ ਕਿ ਕਾਂਗਰਸ ਸਰਕਾਰ ਵੇਲੇ ਜਾਅਲੀ ਸ਼ਰਾਬ ਨਾਲ 120 ਮੌਤਾਂ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਪਤਾ ਲੱਗਾ ਸੀ ਕਿ ਸਰਕਾਰ ਦੇ ਕਈ ਵਿਧਾਇਕਾਂ ਦੀਆਂ ਸ਼ਰਾਬ ਦੀਆਂ ਗ਼ੈਰ ਕਾਨੂੰਨੀ ਫੈਕਟਰੀਆਂ ਚੱਲ ਰਹੀਆਂ ਹਨ। ਮੰਤਰੀ ਮਾਨ ਨੇ 13 ਮਈ ਦੇ ਦੁਖਾਂਤ ਪਿੱਛੇ ਵੀ ਸਿਆਸੀ ਆਗੂਆਂ, ਪੁਲਿਸ ਅਤੇ ਨੌਕਰਸ਼ਾਹਾਂ ਦੇ ਗੱਠਜੋੜ ਵੱਲ ਇਸ਼ਾਰਾ ਕੀਤਾ ਹੈ। ਉਹਨਾਂ ਨੇ ਅਜਿਹੇ ਲੋਕਾਂ ਦਾ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ ਹੈ ਜਿਨਾਂ ਦੀ ਸਰਪ੍ਰਸਤੀ ਤੋਂ ਬਿਨਾਂ ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਚੱਲਣਾ ਸੰਭਵ ਨਹੀਂ ਹੈ। ਮੁੱਖ ਮੰਤਰੀ ਦੀ ਇਸ ਟਿੱਪਣੀ ਵਿੱਚ ਕਈ ਭੇਦ ਲੁਕੇ ਹੋਏ ਲੱਗਦੇ ਹਨ। ਦੱਸਿਆ ਜਾ ਰਿਹਾ ਹੈ ਕਿ ਮਜੀਠਾ ਖੇਤਰ ਵਿੱਚ ਸ਼ਰਾਬ ਦੇ ਠੇਕੇਦਾਰਾਂ ਦੇ ਦੋ ਗਰੁੱਪਾਂ ਵਿਚਾਲੇ ਸ਼ਰਾਬ ਦੇ ਮੁੱਲ ਨੂੰ ਲੈ ਕੇ ਲੜਾਈ ਚੱਲ ਰਹੀ ਸੀ। ਜਿਨ੍ਹਾਂ ਬਾਰੇ ਮਿਲੀਆਂ ਸ਼ੁਰੂਆਤੀ ਰਿਪੋਰਟਾਂ ਦੇ ਅਧਾਰ ’ਤੇ ਹੀ ਮੁੱਖ ਮੰਤਰੀ ਕਿਸੇ ਸਿੱਟੇ ਉੱਤੇ ਪੁੱਜੇ ਹੋ ਸਕਦੇ ਹਨ। ਚਰਚਾ ਹੈ ਕਿ ਸ਼ਰਾਬ ਦੀਆਂ ਕੀਮਤਾਂ ਨੂੰ ਲੈ ਕੇ ਦੋ ਗਰੁੱਪਾਂ ਦੀ ਆਪਸੀ ਲੜਾਈ ਵਿੱਚੋਂ ਜ਼ਹਿਰੀਲੀ ਸ਼ਰਾਬ ਕਾਂਡ ਵਾਪਰਿਆ ਹੈ। ਮਜੀਠਾ ਖੇਤਰ ਦਾ ਸ਼ਰਾਬ ਕਾਰੋਬਾਰ ਠੇਕੇਦਾਰਾਂ ਦੇ ਦੋ ਗਰੁੱਪਾਂ ਕੋਲ ਹੈ, ਛੋਟੇ ਗਰੁੱਪ ਵੱਲੋਂ ਸ਼ਰਾਬ ਨੂੰ ਤੈਅ ਕੀਮਤ ’ਤੇ ਵੇਚਿਆ ਜਾ ਰਿਹਾ ਸੀ ਜਦ ਕਿ ਦੂਜੇ ਵੱਡੇ ਗਰੁੱਪ ਨੇ ਸ਼ਰਾਬ ਦੇ ਭਾਅ ਉੱਚੇ ਰੱਖੇ ਹੋਏ ਸਨ। ਛੋਟੇ ਗਰੁੱਪ ਵੱਲੋਂ ਮੁੱਕਰਰ ਭਾਅ ਉੱਤੇ ਸ਼ਰਾਬ ਵੇਚੇ ਜਾਣ ਤੋਂ ਦੂਸਰਾ ਗਰੁੱਪ ਔਖਾ ਸੀ ਕਿਉਂਕਿ ਉਹਨਾਂ ਦੀ ਵਿੱਕਰੀ ਪ੍ਰਭਾਵਿਤ ਹੋ ਰਹੀ ਸੀ। ਸੂਤਰ ਤਾਂ ਇਹ ਵੀ ਦਾਅਵਾ ਕਰਦੇ ਹਨ ਕਿ ਇਸ ਖੇਤਰ ਦੇ ਵੱਡੇ ਗਰੁੱਪ ਨੂੰ ਸਿਆਸੀ ਸਰਪ੍ਰਸਤੀ ਹਾਸਲ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ਹਿਰੀਲੀ ਸ਼ਰਾਬ ਪੀ ਕੇ ਮਰਨ ਵਾਲਿਆਂ ਦੇ ਪਰਿਵਾਰ ਲਈ 10 ਲੱਖ ਰੁਪਏ ਦਾ ਮੁਆਵਜ਼ਾ ਅਤੇ ਇੱਕ ਮੈਂਬਰ ਨੂੰ ਨੌਕਰੀ ਦੇਣ ਦਾ ਵਾਅਦਾ ਕੀਤਾ ਹੈ। ਦੂਜੇ ਬੰਨੇ ਪਾਕਿਸਤਾਨ ਨਾਲ ਅਣ ਐਲਾਨੀ ਜੰਗ ਦੌਰਾਨ ਆਪਣੀ ਜਾਨ ਗੁਆ ਦੇਣ ਵਾਲੀ ਮਹਿਲਾ ਦੇ ਪਰਿਵਾਰ ਲਈ ਪੰਜ ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਭਰੋਸਾ ਦਿੱਤਾ ਗਿਆ ਹੈ। ਸ਼ਹੀਦ ਲਈ ਮੁਆਵਜ਼ੇ ਦੀ ਰਕਮ ਨਾਲੋਂ ਸ਼ਰਾਬ ਨਾਲ ਮਰਨ ਵਾਲਿਆਂ ਦੇ ਪਰਿਵਾਰ ਨੂੰ ਦੁਗਣੇ ਪੈਸੇ ਦੇਣ ਦੇ ਐਲਾਨ ਨੇ ਸਰਕਾਰ ਨੂੰ ਵਿਵਾਦਾਂ ਵਿੱਚ ਫਸਾ ਦਿੱਤਾ ਹੈ। ਪੰਜਾਬ ਸਰਕਾਰ ਨੇ ਜਦੋਂ ਯੁੱਧ ਨਸ਼ਿਆਂ ਵਿਰੁੱਧ ਛੇੜਿਆ ਹੋਇਆ ਹੈ ਤਾਂ ਉਸ ਵੇਲੇ ਅਜਿਹੇ ਕਾਂਡ ਦਾ ਵਾਪਰਨਾ ਸਰਕਾਰ ਤੇ ਪੁਲਿਸ ਦੀ ਕਾਰਗੁਜ਼ਾਰੀ ਉੱਤੇ ਕਈ ਤਰ੍ਹਾਂ ਦੇ ਸਵਾਲ ਖੜੇ ਹੋ ਗਏ ਹਨ।

ਦੁੱਖ ਦੀ ਗੱਲ ਇਹ ਕਿ ਵਿਰੋਧੀ ਸਿਆਸੀ ਪਾਰਟੀਆਂ ਵੱਲੋਂ ਸੂਬੇ ਵਿੱਚ ਵਿਕ ਰਹੀ ਜਾਅਲੀ ਸ਼ਰਾਬ ਅਤੇ ਹੋ ਰਹੀਆਂ ਮੌਤਾਂ ਨੂੰ ਲੈ ਕੇ ਚਿੰਤਾ ਘੱਟ ਅਤੇ ਰਾਜਨੀਤੀ ਵਧੇਰੇ ਕੀਤੀ ਜਾ ਰਹੀ ਹੈ। ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਕਹਿੰਦੇ ਹਨ ਕਿ 21 ਮੌਤਾਂ ਲਈ ਪੰਜਾਬ ਦੇ ਮੁੱਖ ਮੰਤਰੀ ਅਤੇ ਆਬਕਾਰੀ ਮੰਤਰੀ ਜ਼ਿੰਮੇਵਾਰ ਹਨ। ਉਹਨਾਂ ਨੇ ਤੁਰੰਤ ਅਸਤੀਫੇ ਦੀ ਮੰਗ ਕੀਤੀ ਹੈ ਅਤੇ ਨਾਲ ਹੀ ਹਾਈਕੋਰਟ ਦੇ ਮੌਜੂਦਾ ਜੱਜ ਤੋਂ ਨਿਆਂਇਕ ਜਾਂਚ ਕਰਾਉਣ ਦੀ ਮੰਗ ਵੀ ਕਰ ਦਿੱਤੀ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਕਹਿੰਦੇ ਹਨ ਕਿ ਦਿੱਲੀ ਵਾਲਾ ਸ਼ਰਾਬ ਮਾਫੀਆ ਹੁਣ ਪੰਜਾਬ ਵਿੱਚ ਸਰਗਰਮ ਹੈ। ਸ਼ਰਾਬ ਦੇ ਮਾਮਲੇ ਵਿੱਚ ਜੇਲ ਕੱਟਣ ਵਾਲੇ ਲੋਕ ਚੰਡੀਗੜ੍ਹ ਵਿੱਚ ਬੈਠ ਕੇ ਸਰਕਾਰ ਚਲਾ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਰਕਾਰ ਦੇ ਹੱਥ ਨਾਲ ਖ਼ੂਨ ਰੰਗੇ ਹੋਣ ਦਾ ਦੋਸ਼ ਲਾਇਆ। ਸੱਤਾਧਾਰੀ ਪਾਰਟੀ ਦੇ ਵਿਧਾਇਕ ਅਤੇ ਆਗੂ ਸਿੱਧੇ ਤੌਰ ਉੱਤੇ ਇਸ ਗੈਰ ਕਾਨੂੰਨੀ ਧੰਦੇ ਵਿੱਚ ਸ਼ਾਮਿਲ ਹਨ। ਦਿਲਚਸਪ ਗੱਲ ਇਹ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਿਰੋਧੀ ਧਿਰ ਵਿੱਚ ਹੁੰਦਿਆਂ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਉੱਤੇ ਇਹੋ ਦੋਸ਼ ਲਾਉਂਦੇ ਰਹੇ ਹਨ। ਇਥੇ ਇਹ ਦੱਸਣਾ ਦਿਲਚਸਪ ਰਹੇਗਾ ਕਿ ਜਦੋਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਜਾਅਲੀ ਸ਼ਰਾਬ ਪੀਣ ਨਾਲ 121 ਬੰਦਿਆਂ ਦੀ ਮੌਤ ਹੋਈ ਸੀ ਤਦ ਰਾਜਪੁਰਾ ਖੰਨਾ ਅਤੇ ਮਾਝੇ ਵਿੱਚ ਨਕਲੀ ਸ਼ਰਾਬ ਦੀਆਂ ਫੈਕਟਰੀਆਂ ਫੜੀਆਂ ਗਈਆਂ ਸਨ ਅਤੇ ਉਦੋਂ ਇਹ ਚਰਚਾ ਵੀ ਬੜੇ ਜ਼ੋਰ ਨਾਲ ਛਿੜ ਪਈ ਸੀ ਕਿ ਇਹਨਾਂ ਭੱਠੀਆਂ ਦੀ ਮਲਕੀਅਤ ਸਰਕਾਰ ਦੇ ਵਿਧਾਇਕਾਂ ਦੇ ਨਾਂ ਬੋਲਦੀ ਹੈ। ਉਸ ਵੇਲੇ ਸਰਕਾਰ ਵੱਲੋਂ ਸਖਤ ਕਾਰਵਾਈ ਕੀਤੀ ਹੁੰਦੀ ਤਾਂ ਅੱਜ ਆਹ ਦਿਨ ਨਹੀਂ ਸੀ ਦੇਖਣੇ ਪੈਣੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਬਦਲਾਅ ਦਾ ਨਾਅਰਾ ਲੈ ਕੇ ਸੱਤਾ ਵਿੱਚ ਆਏ ਸਨ ਪਰ ਬਦਲਾਅ ਪੰਜਾਬੀਆਂ ਦੇ ਨਜ਼ਰੀ ਨਹੀਂ ਪੈ ਰਿਹਾ ਹੈ।

ਸਚਾਈ ਕੁਝ ਵੀ ਹੋਵੇ ਪਰ ਜਾਅਲੀ ਸ਼ਰਾਬ ਵੇਚਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨੀ ਬਣਦੀ ਹੈ। ਮੁੱਖ ਮੰਤਰੀ ਮਾਨ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਨਕਲੀ ਸ਼ਰਾਬ ਪੀਣ ਨਾਲ ਮੌਤ ਨਹੀਂ ਸਗੋਂ ਕਤਲ ਹੋਏ ਹਨ। ਲੋੜ ਸ਼ਰਾਬ ਦੇ ਵਪਾਰੀਆਂ ਨੂੰ ਕਤਲਾਂ ਵਾਲੀਆਂ ਧਰਾਵਾਂ ਤਹਿਤ ਸਜ਼ਾ ਦੁਆਉਣ ਦੀ ਹੈ ਨਹੀਂ ਤਾਂ ਇਸ ਧੰਦੇ ਨੂੰ ਠੱਲ ਪੈਣ ਦੀ ਉਮੀਦ ਨਹੀਂ ਰੱਖੀ ਜਾ ਸਕਦੀ। ਉਂਝ ਸਰਕਾਰ ਵੱਲੋਂ ਉਥੋਂ ਦੇ ਐਸ ਐਚ ਓ ਅਤੇ ਡੀਐਸਪੀ ਸਮੇਤ ਆਬਕਾਰੀ ਵਿਭਾਗ ਦੇ ਦੋ ਅਫਸਰਾਂ ਨੂੰ ਤੁਰੰਤ ਮੁਅੱਤਲ ਕਰ ਦਿੱਤਾ ਗਿਆ ਸੀ। ਸਰਕਾਰ ਦੀ ਇਹ ਕਾਰਵਾਈ ਨਾ ਕਾਫ਼ੀ ਹੈ।

# ਸਕੂਲ ਆਫ ਐਮੀਨੈਂਸ ਦੇ ਨਤੀਜਿਆਂ ਨੇ ਮਾਪਿਆਂ ਨੂੰ ਕੀਤਾ ਨਿਰਾਸ਼ !


ਅਜੀਤ ਖੰਨਾ
ਮੋ:76967-54669

ਪੂਰੇ ਪੰਜਾਬ ਅੰਦਰ 19000 ਦੇ ਕਰੀਬ ਸਰਕਾਰੀ ਸਕੂਲ ਹਨ। ਸਤਾ ਪ੍ਰਾਪਤੀ ਪਿੱਛੋਂ ਮੌਜੂਦਾ ਪੰਜਾਬ ਸਰਕਾਰ ਵੱਲੋਂ ਸਿੱਖਿਆ ’ਚ ਸੁਧਾਰ ਕਰਨ ਦੇ ਯਤਨਾਂ ਵਜੋਂ ਪੰਜਾਬ ਦੇ 23 ਜ਼ਿਲ੍ਹਿਆਂ ’ਚ 118 ਸਕੂਲ ਆਫ ਐਮੀਨੈਂਸ ਖੋਲ੍ਹੇ ਗਏ। ਪਹਿਲੇ ਗੇੜ ’ਚ ਇਨ੍ਹਾਂ ਸਕੂਲਾਂ ਲਈ 200 ਕਰੋੜ ਦੀ ਰਾਸ਼ੀ ਰਾਖਵੀਂ ਰੱਖੀ ਗਈ ਸੀ। ਸਰਕਾਰ ਦਾਅਵਾ ਕਰਦੀ ਹੈ ਕਿ ਸਕੂਲ ਆਫ ਐਮੀਨੈਂਸ ਅੱਤ ਆਧੁਨਿਕ ਸਹੂਲਤਾਂ ਨਾਲ ਲੈੱਸ ਹਨ ਤੇ ਇਸ ਪ੍ਰੋਗਰਾਮ ਦਾ ਉਦੇਸ਼ ਸੂਬੇ ਦੇ ਸਰਕਾਰੀ ਸਕੂਲਾਂ ਵਿਚ ਬੇਹਤਰ ਅਤੇ ਸ਼ਾਨਦਾਰ ਸਿੱਖਿਆ ਨੂੰ ਮੁੜ ਵਿਕਸਤ ਕਰਨਾ ਹੈ। ਇਹ ਸਕੂਲ ਵਿਦਿਆਰਥੀਆਂ ਨੂੰ ਇੱਕਵੀਂ ਸਦੀ ਦੇ ਜ਼ਿੰਮੇਵਾਰ ਨਾਗਰਿਕ ਬਣਾਉਣ ਲਈ ਸਰਵਪੱਖੀ ਸ਼ਖ਼ਸੀਅਤ ਸਿਰਜਣ ਦਾ ਵਿਜ਼ਨ ਪੇਸ਼ ਕਰਨਗੇ, ਨਾਲ ਹੀ ਇਹ ਦਾਅਵਾ ਵੀ ਕੀਤਾ ਗਿਆ ਹੈ ਕਿ ਸਕੂਲ ਆਫ ਐਮੀਨੈਂਸ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਕਲਾ ਦੀ ਉਤਮਤਾ ਦਾ ਕੇਂਦਰ ਹੋਣਗੇ ਤੇ ਇਨ੍ਹਾਂ ਸਕੂਲਾਂ ’ਚ ਅਤਿ ਆਧੁਨਿਕ ਸਹੂਲਤਾਂ ਉਪਲਬਧ ਹੋਣਗੀਆਂ। ਪਰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਾਲ 2024-25 ਸੈਸ਼ਨ ਦੇ ਹਾਲ ਹੀ ’ਚ 12ਵੀਂ ਜਮਾਤ ਦੇ ਆਏ ਨਤੀਜਿਆਂ ਨੇ ਸੂਬੇ ਦੇ 117 ਸਕੂਲ ਆਫ ਐਮੀਨੈਂਸ ’ਚ ਉੱਚੇ ਪੱਧਰ ਦੀ ਸਿੱਖਿਆ ਦਿੱਤੇ ਜਾਣ ਦੀ ਪੋਲ ਖੋਲ ਦਿੱਤੀ ਹੈ। ਬੋਰਡ ਵੱਲੋਂ ਜਾਰੀ 295 ਵਿਦਿਆਰਥੀਆਂ ਦੀ ਮੈਰਿਟ ਸੂਚੀ ’ਚ ਸਕੂਲ ਆਫ ਐਮੀਨੈਂਸ ਦੇ ਸਿਰਫ 8 ਵਿਦਿਆਰਥੀ ਹੀ ਸੂਚੀ ’ਚ ਆਪਣਾ ਨਾਂ ਦਰਜ ਕਰਵਾਉਣ ’ਚ ਸਫਲ ਰਹੇ ਤੇ ਉਹ ਵੀ ਤਿੰਨ ਸਕੂਲਾਂ ਦੇ ਹੀ ਹਨ। ਬਾਕੀ ਦੇ 114 ਸਕੂਲਾਂ ਦੇ ਵਿਦਿਆਰਥੀ ਇਸ ਸੂਚੀ ’ਚ ਨੇੜੇ ਵੀ ਨਹੀਂ ਢੁਕੇ। ਸੋ ਇਸ ਤਰ੍ਹਾਂ ਇਹ ਕਹਿਣਾ ਗਲਤ ਨਹੀਂ ਕੀ ਇਨ੍ਹਾਂ ਨਤੀਜਿਆਂ ’ਚ ਸਕੂਲ ਆਫ ਐਮੀਨੈਂਸ ਦੇ ਵਿਦਿਆਰਥੀ ਫਾਡੀ ਹਨ। ਭਾਵੇਂ ਕਿ ਸਰਕਾਰ ਦਾ ਪੂਰਾ ਜ਼ੋਰ ਵੀ ਸਕੂਲ ਆਫ ਐਮੀਨੈਂਸ ’ਚ ਹਰ ਤਰ੍ਹਾਂ ਦਾ ਸਾਜੋ ਸਾਮਾਨ ਤੇ ਹਾਈਟੈੱਕ ਸਹੂਲਤਾਂ ਦਿੱਤੇ ਜਾਣ ਉੱਤੇ ਲੱਗਾ ਹੋਇਆ ਹੈ। ਪਰ ਸਕੂਲ ਆਫ ਐਮੀਨੈਂਸ ਦੇ ਨਤੀਜਿਆਂ ਨੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਪੂਰੀ ਤਰ੍ਹਾਂ ਨਿਰਾਸ਼ ਕੀਤਾ ਹੈ। ਇੱਕ ਗੱਲ ਹੋਰ ਐਮੀਨੈਂਸ ਸਕੂਲਾਂ ਦੇ ਮਾੜੇ ਨਤੀਜਿਆਂ ਨੇ ਇਨ੍ਹਾਂ ਸਕੂਲਾਂ ਦੀ ਕਾਰਗੁਜ਼ਾਰੀ ਉੱਤੇ ਵੀ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ! ਅਤੇ 12ਵੀਂ ਜਮਾਤ ਦੇ ਨਤੀਜੇ ਸਾਬਤ ਕਰਦੇ ਹਨ ਕਿ ਸਰਕਾਰ ਦੀਆਂ ਨੀਤੀਆਂ ਨੂੰ ਫਿਲਹਾਲ ਬੂਰ ਨਹੀਂ ਪਿਆ। ਉੱਧਰ ਜੇਕਰ ਸਕੂਲ ਆਫ ਐਮੀਨੈਂਸ ਦੀ ਅਸਲ ਹਕੀਕਤ ਨੂੰ ਵੇਖਿਆ ਜਾਵੇ ਤਾਂ ਉਹ ਸਰਕਾਰ ਦੇ ਦਾਅਵਿਆਂ ਦੀ ਪੋਲ ਖੋਲ੍ਹਦੀ ਨਜ਼ਰ ਆਉਂਦੀ ਹੈ। ਕਿਉਂਕਿ ਸਰਕਾਰ ਵੱਲੋਂ ਜ਼ਿਆਦਾਤਰ ਪਹਿਲਾਂ ਚੱਲ ਰਹੇ ਸਰਕਾਰੀ ਸਕੂਲਾਂ ਨੂੰ ਹੀ ਸਕੂਲ ਆਫ ਐਮੀਨੈਂਸ ਦਾ ਨਾਂ ਦੇ ਦਿੱਤਾ ਗਿਆ। ਜਿਵੇਂ ਪਿਛਲੀ ਕਾਂਗਰਸ ਸਰਕਾਰ ਵੱਲੋਂ ਵੀ ਪਹਿਲਾਂ ਬਣੇ ਸਰਕਾਰੀ ਸਕੂਲਾਂ ਨੂੰ ਹੀ ਸਮਾਰਟ ਸਕੂਲਾਂ ਦਾ ਨਾਂ ਦਿੱਤਾ ਗਿਆ ਸੀ। ਸਿੱਖਿਆ ਕਿੱਤੇ ਨਾਲ ਜੁੜੇ ਲੋਕ ਇਹ ਗੱਲ ਭਲੀਭਾਂਤ ਸਮਝਦੇ ਹਨ ਕਿ ਦੋਵਾਂ ਸਰਕਾਰਾਂ ਵੱਲੋਂ ਪੁਰਾਣੀ ਬੋਤਲ ’ਚ ਨਵੀਂ ਸ਼ਰਾਬ ਪਾ ਕੇ ਇੱਕ ਵੱਲੋਂ ਉਸ ਨੂੰ ਸਮਾਰਟ ਸਕੂਲ ਤੇ ਦੂਜੀ ਵੱਲੋਂ ਸਕੂਲ ਆਫ ਐਮੀਨੈਂਸ ਦਾ ਨਾਂ ਦੇ ਦਿੱਤਾ ਗਿਆ ਹੈ। ਜਦ ਕਿ ਸੁੰਦਰ ਇਮਾਰਤਾਂ, ਸਮਾਰਟ ਕਲਾਸ ਰੂਮ, ਵਧੀਆ ਬਾਥਰੂਮ, ਸੋਲਰ ਸਿਸਟਮ, ਵਧੀਆ ਬੋਰਡ ਤੇ ਹਾਈਟੈੱਕ ਤਕਨੀਕ ਵਾਲੀਆਂ ਬਹੁਤੀਆਂ ਸਹੂਲਤਾਂ ਤਾਂ ਪਹਿਲਾਂ ਹੀ ਸਰਕਾਰੀ ਸਕੂਲਾਂ ’ਚ ਉਪਲਬਧ ਸਨ। ਸਵਾਲ ਹੈ ਫਿਰ ਨਵਾਂ ਕੀ ਸਿੱਖਿਆ ਮਾਹਰਾਂ ਦਾ ਕਹਿਣਾ ਹੈ ਕੇ ਤਰੱਕੀ ਦਾ ਅੰਦਾਜ਼ਾ ਕੇਵਲ ਸੋਹਣੀਆਂ ਇਮਾਰਤਾਂ ਜਾਂ ਸਹੂਲਤਾਂ ਤੋਂ ਹੀ ਨਹੀਂ ਲੱਗਦਾ, ਸਗੋਂ ਸੂਬੇ ਦੇ ਕਿੰਨੇ ਬੱਚੇ ਆਈਏਐਸ, ਆਈਪੀਐਸ ਜਾਂ ਪੀਸੀਐਸ ਬਣੇ ਹਨ ? ਇਸ ਗੱਲ ਤੋਂ ਲੱਗਦਾ ਹੈ।

ਉਧਰ ਸਕੂਲ ਆਫ ਐਮੀਨੈਂਸ ਖੋਲ੍ਹਣ ਨਾਲ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੋ ਭਾਗਾਂ ’ਚ ਵੰਡੇ ਗਏ। ਇਕੋ ਸਕੂਲ, ਇੱਕੋ ਇਮਾਰਤ, ਪਰ ਵਿਦਿਆਰਥੀ ਦੋਤਰ੍ਹਾਂ ਦੇ। ਇਕ ’ਚ ਦਾਖਲਾ ਪ੍ਰੀਖਿਆ ਦੁਆਰਾ ਕੀਤਾ ਜਾਂਦਾ ਹੈ, ਜਦ ਕਿ ਦੂਜੇ ’ਚ ਸਿੱਧਾ। ਇਕ ਨੂੰ ਵਰਦੀ ਵਾਸਤੇ 2100 ਰੁਪਏ ਦਿੱਤੇ ਜਾਂਦੇ ਹਨ ਤੇ ਦੂਜੇ ਨੂੰ 600 ਰੁਪਏ। ਇੱਕ ਵਰਦੀ ਦਾ ਰੰਗ ਹੋਰ ਤੇ ਦੂਜੀ ਵਰਦੀ ਦਾ ਰੰਗ ਹੋਰ। ਇੱਕੋ ਸਕੂਲ ’ਚ ਵੱਖੋ ਵੱਖਰੀਆਂ ਕਲਾਸਾਂ। ਇਹ ਵਿਤਕਰਾ ਨਹੀਂ ਤਾ ਹੋਰ ਕੀ ਹੈ ? ਇਸ ਨਾਲ ਵਿਦਿਆਰਥੀਆਂ ’ਚ ਹੀਣਭਾਵਨਾ ਆਉਣੀ ਸੁਭਾਵਕ ਹੈ। ਜਦ ਕਿ ਉਹੀ ਅਧਿਆਪਕ ਸਕੂਲ ਆਫ ਐਮੀਨੈਂਸ ’ਚ ਹਨ ਤੇ ਉਹੀ ਸਰਕਾਰੀ ਸਕੂਲ ’ਚ। ਕੀ ਸਰਕਾਰ ਇਹ ਦਸ ਸਕਦੀ ਹੈ ਕਿ ਪੇਪਰ ਲੈ ਕੇ ਦਾਖਲ ਕੀਤੇ ਐਮੀਨੈਂਸ ਵਾਲੇ ਵਿਦਿਆਰਥੀ ਤੇ ਦੂਜੇ ਵਿਦਿਆਰਥੀ ਦੀ ਸਟੱਡੀ ’ਚ ਕੀ ਅੰਤਰ ਹੈ? ਜਦ ਕਿ ਸਰਕਾਰੀ ਸਕੂਲਾਂ ਦੇ ਨਤੀਜੇ ਐਮੀਨੈਂਸ ਤੋਂ ਬੇਹਤਰ ਰਹੇ ਹਨ। ਫੇਰ ਐਮੀਨੈਂਸ ਡਰਾਮਾ ਕਰਨ ਦੀ ਕੀ ਜ਼ਰੂਰਤ ਹੈ ? ਕਿਉਂ ਸਰਕਾਰਾਂ ਕਦੇ ਸਮਾਰਟ ਸਕੂਲ ਤੇ ਕਦੇ ਸਕੂਲ ਆਫ ਐਮੀਨੈਂਸ ਦੇ ਨਾਂ ਉੱਤੇ ਲੋਕਾਂ ਨੂੰ ਗੁੰਮਰਾਹ ਕਰਦੀਆਂ ਹਨ? ਕਿਉਂ ਸਿੱਖਿਆ ਵਿਭਾਗ ਨੂੰ ਤਜ਼ਰਬੇ ਕਰਨ ਵਾਲਾ ਵਿਭਾਗ ਬਣਾ ਕੇ ਰੱਖਿਆ ਹੋਇਆ ਹੈ ? 20-25 ਹਜ਼ਾਰ ਟੀਚਰਾਂ ਦੀ ਭਰਤੀ ਅਤੇ ਸਕੂਲ ਆਫ ਐਮੀਨੈਂਸ ਖੋਲ੍ਹਣ ਨਾਲ ਸਿੱਖਿਆ ’ਚ ਸੁਧਾਰ ਦੀ ਉਮੀਦ ਰੱਖਣਾ ਬੇਫਜ਼ੂਲ ਹੈ। ਚੰਗਾ ਹੁੰਦਾ ਸਰਕਾਰ ਸਕੂਲ ਆਫ ਐਮੀਨੈਂਸ ਵਾਸਤੇ ਵੱਖਰੀ ਜਗ੍ਹਾ ਲੈ ਕੇ ਸਕੂਲ ਬਣਾਉਂਦੀ। ਵੱਖਰਾ ਸਟਾਫ ਭਰਤੀ ਕਰਦੀ ਨਾ ਕਿ ਪਹਿਲਾਂ ਬਣੇ ਸਕੂਲਾਂ ਉੱਤੇ ਹੀ ਸਕੂਲ ਆਫ ਐਮੀਨੈਂਸ ਦਾ ਬੋਰਡ ਲਾ ਕੇ ਦੋਵਾਂ ਤਰ੍ਹਾਂ ਦੇ ਵਿਦਿਆਰਥੀਆਂ ਨੂੰ ਰਲਗੱਡ ਕਰਦੀ। ਸਰਕਾਰ ਦੇ ਇਸ ਫ਼ੈਸਲੇ ਨਾਲ ਸਰਕਾਰੀ ਸਕੂਲਾਂ ’ਚ ਪੜ੍ਹ ਰਹੇ ਵਿਦਿਆਰਥੀਆਂ ’ਚ ਹੀਣਭਾਵਨਾ ਪੈਦਾ ਹੁੰਦੀ ਹੈ। ਸਕੂਲ ਆਫ ਐਮੀਨੈਂਸ ਦੇ ਵਿਦਿਆਰਥੀ ਆਪਣੇ ਆਪ ਨੂੰ ਦੂਜੇ ਵਿਦਿਆਰਥੀਆਂ ਨਾਲੋਂ ਸੁਪੀਰੀਅਰ ਸਮਝਦੇ ਹਨ। ਇਸ ਤਰ੍ਹਾਂ ਵਿਦਿਆਰਥੀਆਂ ’ਚ ਪਾੜਾ ਪੈਂਦਾ ਹੈ। ਸਭ ਤੋਂ ਵੱਡਾ ਪਾੜਾ ਸਰਕਾਰ ਵੱਲੋਂ ਵਿਦਿਆਰਥੀਆਂ ਦੀ ਵਰਦੀ ਬਦਲ ਕੇ ਪਾਇਆ ਗਿਆ। ਕੀ ਇਹ ਹੈ ਪੰਜਾਬ ਸਰਕਾਰ ਦਾ ਸਿੱਖਿਆ ਮਾਡਲ ਹੈ ? ਕੀ ਸੂਬੇ ਦੇ ਸਾਲ 2024-25 ਦੇ ਕੁੱਲ 2,04,918 ਕਰੋੜ ਰੁਪਏ ਦੇ ਬਜਟ ’ਚੋਂ ਸਿੱਖਿਆ ਲਈ ਰੱਖੇ 16,918 ਕਰੋੜ ਦੇ ਬਜਟ ਨਾਲ ਸੂਬੇ ਨੂੰ ਸਿੱਖਿਆ ਦੇ ਖੇਤਰ ’ਚ ਦੇਸ਼ ਦਾ ਮੋਹਰੀ ਰਾਜ ਬਣਾਇਆ ਜਾ ਸਕਦਾ ਹੈ? ਇਹ ਕੁਝ ਸਵਾਲ ਹਨ, ਜਿਨ੍ਹਾਂ ਬਾਰੇ ਸਰਕਾਰ ਨੂੰ ਵਿਚਾਰ ਕਰਨਾ ਚਾਹੀਦਾ ਹੈ। ਸਰਕਾਰ ਨੂੰ ਹਵਾ ’ਚ ਤਲਵਾਰਾਂ ਮਾਰਨ ਦੀ ਬਜਾਏ ਸਕੂਲ ਆਫ ਐਮੀਨੈਂਸ ’ਚ ਦਿੱਤੀ ਜਾਣ ਵਾਲੀ ਸਿੱਖਿਆ ਨੂੰ ਮਿਆਰੀ ਬਣਾਉਣ ਲਈ ਹੋਰ ਗੰਭੀਰਤਾ ਨਾਲ ਕੰਮ ਕਰਨਾ ਚਾਹੀਦਾ ਹੈ ਤਾਂ ਕਿ ਭਵਿੱਖ ’ਚ ਚੰਗੇ ਨਤੀਜਿਆਂ ਦੀ ਉਮੀਦ ਕੀਤੀ ਜਾ ਸਕੇ।

# ਸੁਪਰੀਮ ਕੋਰਟ ਵਿੱਚ ਵਕ਼ਫ ਕਾਨੂੰਨ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ’ਤੇ ਸੁਣਵਾਈ 20 ਨੂੰ

## ਸਰਵਉਚ ਅਦਾਲਤ ਨੇ ਪਟੀਸ਼ਨਰਾਂ ਤੇ ਕੇਂਦਰ ਤੋਂ ਜਵਾਬ ਮੰਗਿਆ



ਨਵੀਂ ਦਿੱਲੀ, 15 ਮਈ (ਪ੍ਰਤੀਨਿਧੀ) : ਦੇਸ਼ ਦੀ ਸਰਵਉਚ ਅਦਾਲਤ ਨੇ ਅੱਜ ਕਿਹਾ ਕਿ ਉਹ ਵਕ਼ਫ (ਸੋਧ) ਐਕਟ, 2025 ਦੀ ਵੈਧਤਾ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ’ਤੇ 20 ਮਈ ਨੂੰ ਸੁਣਵਾਈ ਕਰੇਗੀ। ਚੀਫ਼ ਜਸਟਿਸ ਬੀਆਰ ਗਵੱਈ ਅਤੇ ਜਸਟਿਸ ਆਗਸਟੀਨ ਜਾਰਜ ਮਸੀਹ ਦੇ ਬੈਂਚ ਨੇ ਕਾਨੂੰਨ ਦੀ ਵੈਧਤਾ ਨੂੰ ਚੁਣੌਤੀ ਦੇਣ ਵਾਲਿਆਂ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਅਤੇ ਕੇਂਦਰ ਦੀ ਨੁਮਾਇੰਦਗੀ ਕਰ ਰਹੇ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਸੋਮਵਾਰ ਤੱਕ ਆਪਣੇ ਜਵਾਬ ਦਾਖ਼ਲ ਕਰਨ ਲਈ ਕਿਹਾ। ਸੀਜੇਆਈ ਨੇ ਪਟੀਸ਼ਨਾਂ ’ਤੇ ਸੁਣਵਾਈ ਮੁਲਤਵੀ ਕਰਦੇ ਹੋਏ ਕਿਹਾ, ‘ਅਸੀਂ 20 ਮਈ ਨੂੰ ਹੀ ਅੰਤਰਿਮ ਰਾਹਤ ਦੇ ਮੁੱਦੇ ’ਤੇ ਵਿਚਾਰ ਕਰਾਂਗੇ।’ ਦੋਵਾਂ ਧਿਰਾਂ ਦੇ ਵਕੀਲਾਂ ਵੱਲੋਂ ਬੈਂਚ ਨੂੰ ਦੱਸਿਆ ਗਿਆ ਕਿ ਜੱਜਾਂ ਨੂੰ ਦਲੀਲਾਂ ਸੁਣਨ ਲਈ ਕੁਝ ਹੋਰ ਸਮਾਂ ਲੱਗ ਸਕਦਾ ਹੈ। ਇਸ ਤੋਂ ਪਹਿਲਾਂ ਕੇਂਦਰ ਨੇ ਭਰੋਸਾ ਦਿੱਤਾ ਸੀ ਕਿ ਵਕ਼ਫ ਦੁਆਰਾ ਸਥਾਪਿਤ ਕੀਤੀਆਂ ਗਈਆਂ ਜਾਇਦਾਦਾਂ ਸਮੇਤ, ਕੋਈ ਵੀ ਵਕਫ ਜਾਇਦਾਦ ਨੂੰ ਡੀਨੋਟੀਫਾਈ ਨਹੀਂ ਕੀਤਾ ਜਾਵੇਗਾ।

ਇਸ ਤੋਂ ਪਹਿਲਾਂ ਕਾਨੂੰਨ ਅਧਿਕਾਰੀ ਨੇ ਇਹ ਵੀ ਭਰੋਸਾ ਦਿੱਤਾ ਸੀ ਕਿ ਨਵੇਂ ਕਾਨੂੰਨ ਤਹਿਤ ਕੇਂਦਰੀ ਵਕ਼ਫ ਕੌਂਸਲ ਜਾਂ ਰਾਜ ਵਕ਼ਫ ਬੋਰਡਾਂ ਵਿੱਚ ਕੋਈ ਨਿਯੁਕਤੀ ਨਹੀਂ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਸਾਬਕਾ ਚੀਫ ਜਸਟਿਸ ਸੰਜੀਵ ਖੰਨਾ ਦਾ ਬੈਂਚ ਇਸ ਮਾਮਲੇ ਦੀ ਸੁਣਵਾਈ ਕਰ ਰਿਹਾ ਸੀ ਪਰ ਉਹ 13 ਮਈ ਨੂੰ ਸੇਵਾਮੁਕਤ ਹੋ ਗਏ ਅਤੇ ਮਾਮਲੇ ਨੂੰ ਜਸਟਿਸ ਗਵੱਈ ਦੀ ਅਗਵਾਈ ਵਾਲੇ ਬੈਂਚ ਨੂੰ ਤਬਦੀਲ ਕਰ ਦਿੱਤਾ ਗਿਆ ਸੀ।

*ਕਰਨਲ ਸੋਫੀਆ ਕੁਰੈਸ਼ੀ ਖ਼ਿਲਾਫ਼ ਟਿੱਪਣੀ ਦਾ ਮਾਮਲਾ*

# ਮੱਧ ਪ੍ਰਦੇਸ਼ ਦੇ ਮੰਤਰੀ ਵੱਲੋਂ ਹਾਈ ਕੋਰਟ ਦੇ ਹੁਕਮਾਂ ਖ਼ਿਲਾਫ਼ ਸੁਪਰੀਮ ਕੋਰਟ ਦਾ ਰੁਖ਼

## ਸਰਵਉਚ ਅਦਾਲਤ ਨੇ ਪਟੀਸ਼ਨ ’ਤੇ ਸੁਣਵਾਈ ਕਰਨ ਦੀ ਸਹਿਮਤੀ ਜਤਾਈ, ਸੁਣਵਾਈ ਅੱਜ



ਨਵੀਂ ਦਿੱਲੀ, 15 ਮਈ (ਪ੍ਰਤੀਨਿਧੀ) : ਮੱਧ ਪ੍ਰਦੇਸ਼ ਸਰਕਾਰ ਵਿੱਚ ਕਬਾਇਲੀ ਮਾਮਲਿਆਂ ਦੇ ਮੰਤਰੀ ਅਤੇ ਭਾਜਪਾ ਆਗੂ ਵਿਜੈ ਸ਼ਾਹ ਨੇ ਕਰਨਲ ਕੁਰੈਸ਼ੀ ਬਾਰੇ ਅਪਮਾਨਜਨਕ ਟਿੱਪਣੀ ਕੀਤੀ ਸੀ, ਜਿਸ ਦਾ ਦੇਸ਼ ਭਰ ਵਿਚ ਵਿਰੋਧ ਹੋਇਆ ਸੀ। ਇਸ ਤੋਂ ਬਾਅਦ ਹਾਈ ਕੋਰਟ ਨੇ ਮੰਤਰੀ ਖ਼ਿਲਾਫ਼ ਐਫਆਈਆਰ ਦਰਜ ਕਰਨ ਲਈ ਕਿਹਾ ਸੀ। ਇਸ ਤੋਂ ਬਾਅਦ ਅੱਜ ਵਿਜੈ ਸ਼ਾਹ ਨੇ ਸੁਪਰੀਮ ਕੋਰਟ ਦਾ ਰੁਖ਼ ਕਰਦਿਆਂ ਐਫਆਈਆਰ ’ਤੇ ਰੋਕ ਲਾਉਣ ਦੀ ਮੰਗ ਕੀਤੀ ਹੈ। ਦੂਜੇ ਪਾਸੇ ਸੁਪਰੀਮ ਕੋਰਟ ਨੇ ਵੀ ਇਸ ਮਾਮਲੇ ’ਤੇ ਸੁਣਵਾਈ ਕਰਨ ਲਈ ਸਹਿਮਤੀ ਦੇ ਦਿੱਤੀ ਹੈ। ਇਸ ਮਾਮਲੇ ’ਤੇ ਸਰਵਉਚ ਅਦਾਲਤ ਵਿਚ ਭਲਕੇ ਸੁਣਵਾਈ ਹੋਵੇਗੀ। ਕਰਨਲ ਕੁਰੈਸ਼ੀ ਨੇ ਭਾਰਤੀ ਹਥਿਆਰਬੰਦ ਸੈਨਾਵਾਂ ਵੱਲੋਂ ਕੀਤੇ ਗਏ ‘ਅਪਰੇਸ਼ਨ ਸਿੰਧੂਰ’ ਦਾ ਵੇਰਵਾ ਮੀਡੀਆ ਕਾਨਫਰੰਸ ਦੌਰਾਨ ਸਾਂਝਾ ਕੀਤਾ ਸੀ, ਜਿਸ ਵਿੱਚ ਵਿਦੇਸ਼ ਸਕੱਤਰ ਵਿਕਰਮ ਮਿਸਰੀ ਅਤੇ ਵਿੰਗ ਕਮਾਂਡਰ ਵਿਓਮਿਕਾ ਸਿੰਘ ਸ਼ਾਹ ਵੀ ਸ਼ਾਮਲ ਹੋਏ ਸੀ। ਮੱਧ ਪ੍ਰਦੇਸ਼ ਸਰਕਾਰ ਵਿੱਚ ਕਬਾਇਲੀ ਮਾਮਲਿਆਂ ਦੇ ਮੰਤਰੀ ਅਤੇ ਭਾਜਪਾ ਨੇਤਾ ਵਿਜੈ ਸ਼ਾਹ ਨੇ ਕਰਨਲ ਕੁਰੈਸ਼ੀ ’ਤੇ ਅਪਮਾਨਜਨਕ ਟਿੱਪਣੀ ਕੀਤੀ ਸੀ, ਜਿਸ ਨੇ ਇੱਕ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ। ਉਨ੍ਹਾਂ ਕਰਨਲ ਕੁਰੈਸ਼ੀ ਨੂੰ ‘ਅਤਿਵਾਦੀਆਂ ਦੀ ਭੈਣ’ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਸ ਵਿਵਾਦਤ ਬਿਆਨ ਦਾ ਨੋਟਿਸ ਲੈਂਦਿਆਂ ਹਾਈ ਕੋਰਟ ਦੇ ਜਸਟਿਸ ਅਤੁਲ ਸ੍ਰੀਧਰਨ ਅਤੇ ਅਨੁਰਾਧਾ ਸ਼ੁਕਲਾ ਦੇ ਬੈਂਚ ਨੇ ਪੁਲਿਸ ਨੂੰ ਮੰਤਰੀ ਖ਼ਿਲਾਫ਼ ਐੱਫਆਈਆਰ ਦਰਜ ਕਰਨ ਦਾ ਹੁਕਮ ਦਿੱਤਾ ਸੀ। ਸ਼ਾਹ ਦੀ ਟਿੱਪਣੀ ਦੀ ਵਿਆਪਕ ਪੱਧਰ ’ਤੇ ਨਿਖੇਧੀ ਹੋਈ ਅਤੇ ਕਾਂਗਰਸ ਨੇ ਉਨ੍ਹਾਂ ਨੂੰ ਮੱਧ ਪ੍ਰਦੇਸ਼ ਦੇ ਮੰਤਰੀ ਮੰਡਲ ਤੋਂ ਤੁਰੰਤ ਬਰਖ਼ਾਸਤ ਕਰਨ ਦੀ ਮੰਗ ਕੀਤੀ ਹੈ। ਇਸ ਤੋਂ ਬਾਅਦ ਵਿਜੈ ਸ਼ਾਹ ਨੇ ਕਿਹਾ ਸੀ ਕਿ ਜੇਕਰ ਕਿਸੇ ਨੂੰ ਉਨ੍ਹਾਂ ਦੇ ਬਿਆਨ ਕਾਰਨ ਠੇਸ ਪਹੁੰਚੀ ਹੈ ਤਾਂ ਉਹ 10 ਵਾਰ ਮੁਆਫ਼ੀ ਮੰਗਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਉਹ ਕਰਨਲ ਕੁਰੈਸ਼ੀ ਦਾ ਆਪਣੀ ਭੈਣ ਤੋਂ ਵੀ ਵੱਧ ਸਨਮਾਨ ਕਰਦੇ ਹਨ। ਦੂਜੇ ਪਾਸੇ ਵਿਰੋਧੀ ਪਾਰਟੀਆਂ ਨੇ ਮੰਗ ਕੀਤੀ ਕਿ ਵਿਜੈ ਸ਼ਾਹ ਨੂੰ ਮੰਤਰੀ ਮੰਡਲ ਵਿਚੋਂ ਬਾਹਰ ਕੱਢਿਆ ਜਾਵੇ।

# ਮਨੀਪੁਰ: 10 ਅਤਿਵਾਦੀਆਂ ਨੂੰ ਢੇਰ ਕੀਤੇ ਜਾਣ ਤੋਂ ਬਾਅਦ ਵੀ ਸੁਰੱਖਿਆ ਬਲਾਂ ਵੱਲੋਂ ਕਾਰਵਾਈ ਜਾਰੀ

ਇੰਫਾਲ, 15 ਮਈ (ਪ੍ਰਤੀਨਿਧੀ) : ਵੀਰਵਾਰ ਸਵੇਰ ਅਸਾਮ ਰਾਈਫਲਜ਼ ਵੱਲੋਂ ਮਨੀਪੁਰ ਦੇ ਚੰਦੇਲ ਜ਼ਿਲ੍ਹੇ ਵਿਚ ਇਕ ਮੁਕਾਬਲੇ ਦੌਰਾਨ 10 ਅਤਿਵਾਦੀਆਂ ਨੂੰ ਢੇਰ ਕੀਤੇ ਜਾਣ ਤੋਂ ਬਾਅਦ ਵੀ ਕਾਰਵਾਈ ਜਾਰੀ ਹੈ। ਇਕ ਅਧਿਕਾਰੀ ਨੇ ਦੱਸਿਆ ਕਿ ਮੁਕਾਬਲੇ ਵਾਲੀ ਥਾਂ ਚੰਦੇਲ ਜ਼ਿਲ੍ਹੇ ਦੇ ਪਹਾੜੀ ਖੇਤਰ ਵਿਚ ਭਾਰਤ-ਮਿਆਂਮਾਰ ਕੌਮਾਂਤਰੀ ਸਰਹੱਦ ਦੇ ਨੇੜੇ ਹੈ, ਇਹ ਰਾਜ ਦੀ ਰਾਜਧਾਨੀ ਇੰਫਾਲ ਤੋਂ 130 ਕਿਲੋਮੀਟਰ ਦੂਰ ਹੈ ਅਤੇ ਇੱਥੇ ਬਹੁਤ ਘੱਟ ਮਨੁੱਖੀ ਆਬਾਦੀ ਹੈ।

ਕੋਹਿਮਾ ਸਥਿਤ ਰੱਖਿਆ ਪੀਆਰਓ ਨੇ ਪੀਟੀਆਈ ਨੂੰ ਦੱਸਿਆ, ਵੀਰਵਾਰ ਸਵੇਰੇ ਵੀ ਕਾਰਵਾਈ ਜਾਰੀ ਹੈ ਅਤੇ ਹੋਰ ਜਾਣਕਾਰੀ ਉਦੋਂ ਹੀ ਸਾਂਝੀ ਕੀਤੀ ਜਾਵੇਗੀ ਜਦੋਂ ਇਹ ਖਤਮ ਹੋ ਜਾਵੇਗੀ। ਸ਼ਾਮਲ ਅਤਿਵਾਦੀਆਂ ਦੀ ਪਛਾਣ ਬਾਰੇ ਪੁੱਛੇ ਜਾਣ ’ਤੇ ਇਕ ਕੇਂਦਰੀ ਸੁਰੱਖਿਆ ਅਧਿਕਾਰੀ ਨੇ ਦੱਸਿਆ ਕਿ ਢੇਰ ਕੀਤੇ ਗਏ ਅਤਿਵਾਦੀਆਂ ਦੀ ਪਛਾਣ ਦੀ ਪੁਸ਼ਟੀ ਹੋਣੀ ਹਾਲੇ ਬਾਕੀ ਹੈ।

ਜ਼ਿਕਰਯੋਗ ਹੈ ਕਿ ਸਪੀਅਰ ਕੋਰ ਦੇ ਅਧੀਨ ਅਸਾਮ ਰਾਈਫਲਜ਼ ਯੂਨਿਟ ਵੱਲੋਂ 14 ਮਈ ਨੂੰ ਸ਼ੁਰੂ ਕੀਤੇ ਆਪ੍ਰੇਸ਼ਨ ਦੌਰਾਨ ਹੋਈ ਗੋਲੀਬਾਰੀ ਵਿਚ 10 ਕਾਡਰਾਂ ਨੂੰ ਬੇਅਸਰ ਕਰ ਦਿੱਤਾ ਗਿਆ ਅਤੇ ਵੱਡੀ ਮਾਤਰਾ ਵਿੱਚ ਹਥਿਆਰ ਅਤੇ ਗੋਲਾ ਬਾਰੂਦ ਬਰਾਮਦ ਕੀਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਆਪ੍ਰੇਸ਼ਨ ਹਾਲੇ ਵੀ ਜਾਰੀ ਹੈ।

*ਬਿਹਾਰ ਦੇ ਸਾਬਕਾ ਮੰਤਰੀ ਦੀ ਹੱਤਿਆ ਦਾ ਮਾਮਲਾ*

# ਸੁਪਰੀਮ ਕੋਰਟ ਵੱਲੋਂ ਸਾਬਕਾ ਵਿਧਾਇਕ ਦੀ ਉਮਰ ਕੈਦ ਦੀ ਸਜ਼ਾ ਬਰਕਰਾਰ



ਨਵੀਂ ਦਿੱਲੀ, 15 ਮਈ (ਪ੍ਰਤੀਨਿਧੀ) : ਸੁਪਰੀਮ ਕੋਰਟ ਨੇ 1998 ਵਿੱਚ ਪਟਨਾ ਵਿੱਚ ਬਿਹਾਰ ਦੇ ਸਾਬਕਾ ਮੰਤਰੀ ਬ੍ਰਿਜ ਬਿਹਾਰੀ ਪ੍ਰਸਾਦ ਦੀ ਹੱਤਿਆ ਦੇ ਮਾਮਲੇ ਵਿੱਚ ਅਪਰਾਧੀ ਤੋਂ ਸਿਆਸਤਦਾਨ ਬਣੇ ਵਿਜੇ ਕੁਮਾਰ ਸ਼ੁਕਲਾ ਉਰਫ਼ ਮੁੰਨਾ ਸ਼ੁਕਲਾ ਨੂੰ ਉਮਰ ਕੈਦ ਦੀ ਸਜ਼ਾ ਬਰਕਰਾਰ ਰੱਖੀ ਹੈ। ਅਦਾਲਤ ਨੇ ਸ਼ੁਕਲਾ ਅਤੇ ਇੱਕ ਹੋਰ ਸਹਿ-ਦੋਸ਼ੀ ਮੰਟੂ ਤਿਵਾੜੀ ਦੀਆਂ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ ਜਿਨ੍ਹਾਂ ਸੁਪਰੀਮ ਕੋਰਟ ਦੇ ਫੈਸਲੇ ਦੀ ਸਮੀਖਿਆ ਦੀ ਮੰਗ ਕੀਤੀ ਸੀ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ 3 ਅਕਤੂਬਰ ਨੂੰ ਸੁਪਰੀਮ ਕੋਰਟ ਨੇ ਇਸ ਮਾਮਲੇ ਵਿਚ ਸ਼ੁਕਲਾ ਅਤੇ ਮੰਟੂ ਤਿਵਾੜੀ ਨੂੰ ਦੋਸ਼ੀ ਠਹਿਰਾਇਆ ਸੀ। ਬੈਂਚ ਨੇ ਹਾਲ ਹੀ ਵਿੱਚ ਅਪਲੋਡ ਕੀਤੇ 6 ਮਈ ਦੇ ਹੁਕਮ ਵਿੱਚ ਰਿਕਾਰਡ ਵਿੱਚ ਮੌਜੂਦ ਦਸਤਾਵੇਜ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕਿਹਾ, ‘ਸਾਨੂੰ ਅਕਤੂਬਰ, 2024 ਦੇ ਫੈਸਲੇ ਦੀ ਸਮੀਖਿਆ ਕਰਨ ਲਈ ਕੋਈ ਚੰਗਾ ਆਧਾਰ ਅਤੇ ਕਾਰਨ ਨਹੀਂ ਮਿਲਿਆ।’ ਸੁਪਰੀਮ ਕੋਰਟ ਨੇ ਸਮੀਖਿਆ ਪਟੀਸ਼ਨਾਂ ’ਤੇ ਖੁੱਲ੍ਹੀ ਅਦਾਲਤ ਦੀ ਸੁਣਵਾਈ ਦੀ ਅਪੀਲ ਨੂੰ ਵੀ ਰੱਦ ਕਰ ਦਿੱਤਾ। ਸਰਵਉਚ ਅਦਾਲਤ ਨੇ ਹਾਲਾਂਕਿ ਸਾਬਕਾ ਸੰਸਦ ਮੈਂਬਰ ਸੂਰਜਭਾਨ ਸਿੰਘ ਸਮੇਤ ਪੰਜ ਹੋਰਾਂ ਨੂੰ ਸ਼ੱਕ ਦਾ ਲਾਭ ਦਿੰਦਿਆਂ ਉਨ੍ਹਾਂ ਦੇ ਬਰੀ ਹੋਣ ਦੇ ਫੈਸਲੇ ਨੂੰ ਬਰਕਰਾਰ ਰੱਖਿਆ।

ਜ਼ਿਕਰਯੋਗ ਹੈ ਕਿ ਮੁੰਨਾ ਸ਼ੁਕਲਾ ਇੱਕ ਵਾਰ ਆਜ਼ਾਦ ਅਤੇ ਇੱਕ ਵਾਰ ਲੋਕ ਜਨਸ਼ਕਤੀ ਪਾਰਟੀ ਦੇ ਵਿਧਾਇਕ ਰਹੇ ਹਨ। ਇਸ ਤੋਂ ਪਹਿਲਾਂ ਸਿਖਰਲੀ ਅਦਾਲਤ ਨੇ ਬਿਹਾਰ ਦੇ ਸਾਬਕਾ ਮੰਤਰੀ ਬ੍ਰਿਜ ਬਿਹਾਰੀ ਪ੍ਰਸਾਦ ਦੀ 1998 ਵਿੱਚ ਹੋਈ ਹੱਤਿਆ ਦੇ ਮਾਮਲੇ ’ਚ ਪਿਛਲੇ ਸਾਲ ਅਕਤੂਬਰ ਵਿਚ ਸ਼ੁਕਲਾ ਸਣੇ ਦੋ ਜਣਿਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ।

ਜਸਟਿਸ ਸੰਜੀਵ ਕੁਮਾਰ ਅਤੇ ਜਸਟਿਸ ਆਰ ਮਹਾਦੇਵਨ ਦੇ ਬੈਂਚ ਨੇ ਸਾਰੇ ਮੁਲਜ਼ਮਾਂ ਨੂੰ ਬਰੀ ਕਰਨ ਦੇ ਪਟਨਾ ਹਾਈ ਕੋਰਟ ਦੇ ਫ਼ੈਸਲੇ ਨੂੰ ਅੰਸ਼ਿਕ ਤੌਰ ’ਤੇ ਰੱਦ ਕਰ ਦਿੱਤਾ ਸੀ ਅਤੇ ਦੋਸ਼ੀਆਂ ਮੰਟੂ ਤਿਵਾੜੀ ਅਤੇ ਸ਼ੁਕਲਾ ਨੂੰ 15 ਦਿਨਾਂ ’ਚ ਆਤਮ-ਸਮਰਪਣ ਕਰਨ ਲਈ ਕਿਹਾ ਸੀ।

# ਮਹਾਰਾਸ਼ਟਰ : ਪਟੜੀ ਤੋਂ ਉਤਰੇ ਮਾਲ ਗੱਡੀ ਦੇ 7 ਡੱਬੇ, ਟਲਿਆ ਵੱਡਾ ਹਾਦਸਾ

ਮੁੰਬਈ , 15 ਮਈ (ਪ੍ਰਤੀਨਿਧੀ) : ਮਹਾਰਾਸ਼ਟਰ ਦੇ ਜਲਗਾਓਂ ਜ਼ਿਲ੍ਹੇ ਵਿੱਚ ਵੀਰਵਾਰ ਦੁਪਹਿਰ ਨੂੰ ਇੱਕ ਮਾਲ ਗੱਡੀ ਪਟੜੀ ਤੋਂ ਉਤਰ ਗਈ, ਜਿਸ ਕਾਰਨ ਪੱਛਮੀ ਰੇਲਵੇ ਦੇ ਨੰਦੂਰਬਾਰ-ਸੂਰਤ ਸੈਕਸ਼ਨ ਦੀਆਂ ਦੋਵੇਂ ਲਾਈਨਾਂ ’ਤੇ ਰੇਲ ਆਵਾਜਾਈ ਪ੍ਰਭਾਵਿਤ ਹੋਈ। ਅਧਿਕਾਰੀਆਂ ਵਲੋਂ ਇਸ ਗੱਲ ਦੀ ਜਾਣਕਾਰੀ ਦਿੱਤੀ ਗਈ ਹੈ। ਪੱਛਮੀ ਰੇਲਵੇ ਦੇ ਮੁੱਖ ਲੋਕ ਸੰਪਰਕ ਅਧਿਕਾਰੀ ਵਿਨੀਤ ਅਭਿਸ਼ੇਕ ਨੇ ਦੱਸਿਆ ਕਿ ਚੰਦਰਪੁਰ ਜ਼ਿਲ੍ਹੇ ਦੇ ਗੁਗੁਸ ਤੋਂ ਗੁਜਰਾਤ ਦੇ ਗਾਂਧੀਨਗਰ ਜਾ ਰਹੀ ਇਸ ਮਾਲ ਗੱਡੀ ਦੇ ਇੰਜਣ ਸਮੇਤ ਸੱਤ ਡੱਬੇ ਜਲਗਾਓਂ ਜ਼ਿਲ੍ਹੇ ਦੇ ਅਮਲਨੇਰ ਸਟੇਸ਼ਨ ’ਤੇ ਦੁਪਹਿਰ 2:18 ਵਜੇ ਪਟੜੀ ਤੋਂ ਉਤਰ ਗਏ। ਦੱਸ ਦੇਈਏ ਕਿ ਇਹ ਜਗ੍ਹਾ ਮੁੰਬਈ ਤੋਂ ਲਗਭਗ 350 ਕਿਲੋਮੀਟਰ ਦੂਰ ਹੈ। ਉਨ੍ਹਾਂ ਕਿਹਾ, ’ਹਾਦਸੇ ਵਿੱਚ ਕਿਸੇ ਤਰ੍ਹਾਂ ਦਾ ਕੋਈ ਜਾਨੀ ਨੁਕਸਾਨ ਹੋਣ ਦੀ ਰਿਪੋਰਟ ਨਹੀਂ ਹੈ। ਮਾਲ ਗੱਡੀ ਦੇ ਚਾਲਕ ਦਲ ਦੇ ਮੈਂਬਰ ਸੁਰੱਖਿਅਤ ਹਨ। ਹਾਦਸਾ ਰਾਹਤ ਗੱਡੀਆਂ (ਏਆਰਟੀ) ਅਤੇ ਉਧਨਾ, ਭੁਸਾਵਲ ਅਤੇ ਨੰਦੂਰਬਾਰ ਦੇ ਸੀਨੀਅਰ ਅਧਿਕਾਰੀ ਮੌਕੇ ’ਤੇ ਪਹੁੰਚ ਗਏ ਹਨ। ਕੰਮਕਾਜ ਨੂੰ ਬਹਾਲ ਕਰਨ ਲਈ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ।’ ਸੂਤਰਾਂ ਅਨੁਸਾਰ ਇਸ ਘਟਨਾ ਕਾਰਨ ਨੰਦੂਰਬਾਰ-ਸੂਰਤ ਰੂਟ ਦੀਆਂ ਦੋਵੇਂ ਲਾਈਨਾਂ ਬੰਦ ਹਨ।

# ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਲਾਇਬ੍ਰੇਰੀ ਵਿਚ ਅੱਗ ਲੱਗਣ ਕਾਰਨ ਪ੍ਰੀਖਿਆ ਰੱਦ ਹੋਈ



ਨਵੀਂ ਦਿੱਲੀ, 15 ਮਈ (ਪ੍ਰਤੀਨਿਧੀ) : ਇੱਥੇ ਵੀਰਵਾਰ ਸਵੇਰੇ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਆਫ਼ ਕਾਮਰਸ (ਐਸ.ਜੀ.ਜੀ.ਐਸ.ਸੀ.ਸੀ.) ਦੀ ਲਾਇਬ੍ਰੇਰੀ ਵਿਚ ਅੱਗ ਲੱਗਣ ਕਾਰਨ ਸਵੇਰ ਦੇ ਸੈਸ਼ਨ ਲਈ ਨਿਰਧਾਰਤ ਸਮੈਸਟਰ ਪ੍ਰੀਖਿਆਵਾਂ ਰੱਦ ਕਰ ਦਿੱਤੀਆਂ ਗਈਆਂ।

ਕਾਲਜ ਦੇ ਅਧਿਕਾਰੀਆਂ ਨੇ ਕਿਹਾ ਕਿ ਅੱਗ ਲਾਇਬ੍ਰੇਰੀ ਦੇ ਸਰਵਰ ਵਿਚ ਸ਼ਾਰਟ ਸਰਕਟ ਕਾਰਨ ਲੱਗੀ। ਉਨ੍ਹਾਂ ਕਿਹਾ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਆਫ਼ ਕਾਮਰਸ ਵਿਖੇ 15 ਮਈ (ਪ੍ਰਤੀਨਿਧੀ) : 2025 ਦੀ ਸਵੇਰ ਦੇ ਸੈਸ਼ਨ ਦੀ ਪ੍ਰੀਖਿਆ ਰੱਦ ਕਰ ਦਿੱਤੀ ਗਈ ਹੈ।

ਵਿਕਲਪਿਕ ਮਿਤੀ ਅਤੇ ਸਮਾਂ-ਸਾਰਣੀ ਜਲਦੀ ਹੀ ਸੂਚਿਤ ਕੀਤੀ ਜਾਵੇਗੀ।” ਉਨ੍ਹਾਂ ਦੱਸਿਆ ਕਿ ਅੱਗ ਨੇ ਲਾਇਬ੍ਰੇਰੀ ਦੇ ਉਸ ਹਿੱਸੇ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ ਜਿੱਥੇ ਪੁਰਾਣੀਆਂ ਅਤੇ ਪੁਰਾਲੇਖ ਕਿਤਾਬਾਂ ਹਨ। ਇਹ ਥਾਂ ਧੂੰਏਂ ਨਾਲ ਭਰੀ ਹੋਈ ਹੈ, ਨੁਕਸਾਨ ਦਾ ਸਹੀ ਮੁਲਾਂਕਣ ਸਿਰਫ਼ ਉਦੋਂ ਹੀ ਸੰਭਵ ਹੋਵੇਗਾ ਜਦੋਂ ਇਹ ਸਾਫ਼ ਹੋ ਜਾਵੇਗਾ।

ਡੀਐੱਫਐੱਸ ਦੇ ਇਕ ਅਧਿਕਾਰੀ ਨੇ ਦੱਸਿਆ, ਅੱਗ ਸਵੇਰੇ 8.55 ਵਜੇ ਦੇ ਕਰੀਬ ਲੱਗੀ ਅਤੇ ਚਾਰ ਮੰਜ਼ਿਲਾ ਲਾਇਬ੍ਰੇਰੀ ਦੀ ਪਹਿਲੀ, ਦੂਜੀ ਅਤੇ ਤੀਜੀ ਮੰਜ਼ਿਲ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਉਨ੍ਹਾਂ ਦੱਸਿਆ ਕਿ ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ 11 ਫਾਇਰ ਟੈਂਡਰ ਮੌਕੇ ’ਤੇ ਭੇਜੇ ਗਏ। ਡੀਐੱਫਐੱਸ ਦੇ ਅਨੁਸਾਰ ਸਵੇਰੇ 9.40 ਵਜੇ ਤੱਕ ਅੱਗ ’ਤੇ ਕਾਬੂ ਪਾ ਲਿਆ ਗਿਆ ਸੀ। ਅਧਿਕਾਰੀਆਂ ਨੇ ਦੱਸਿਆ ਕਿ ਇਸ ਘਟਨਾ ਵਿੱਚ ਕੋਈ ਜ਼ਖਮੀ ਨਹੀਂ ਹੋਇਆ।

# ਰਾਜਸਥਾਨ ਦੇ ਮੁੱਖ ਮੰਤਰੀ ਨੂੰ ਜਾਨੋਂ ਮਾਰਨ ਦੀ ਧਮਕੀ



ਜੈਪੁਰ, 15 ਮਈ (ਪ੍ਰਤੀਨਿਧੀ) : ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਅਤੇ ਸੀਨੀਅਰ ਆਈਏਐੱਸ ਅਧਿਕਾਰੀ ਨੀਰਜ ਕੇ ਪਵਨ ਨੂੰ ਈ-ਮੇਲ ਰਾਹੀਂ ਜਾਨੋਂ ਮਾਰਨ ਦੀ ਧਮਕੀ ਮਿਲਣ ਮਗਰੋਂ ਉੱਚ ਪੱਧਰੀ ਸੁਰੱਖਿਆ ਚਿਤਾਵਨੀ ਜਾਰੀ ਕਰ ਦਿੱਤੀ ਗਈ ਹੈ।

ਦਿਵਿਜ ਪ੍ਰਭਾਕਰ ਨਾਮ ਦੇ ਇੱਕ ਖਾਤੇ ਤੋਂ ਭੇਜੀ ਗਈ ਇਸ ਈ-ਮੇਲ ਵਿੱਚ ਮੁੱਖ ਮੰਤਰੀ ਅਤੇ ਆਈਏਐੱਸ ਅਧਿਕਾਰੀ ਦੋਵਾਂ ਨੂੰ ਮਾਰਨ ਅਤੇ ਉਨ੍ਹਾਂ ਦੇ ਸਰੀਰ ਦੇ ਟੁਕੜੇ ਕਰਨ ਦੀਆਂ ਧਮਕੀਆਂ ਸਨ ਅਤੇ ਦਾਅਵਾ ਕੀਤਾ ਗਿਆ ਸੀ ਕਿ ਕੁਝ ਕਥਿਤ ਨਿੱਜੀ ਸ਼ਿਕਾਇਤਾਂ ਵੱਲ ਲੋਕਾਂ ਦਾ ਧਿਆਨ ਖਿੱਚਣ ਲਈ ਕ੍ਰਿਕਟ ਸਟੇਡੀਅਮਾਂ ਵਿੱਚ ਧਮਾਕਾਖੇਜ਼ ਸਮੱਗਰੀ ਲਾਈ ਜਾਵੇਗੀ।

ਪੁਲਿਸ ਨੇ ਕਿਹਾ ਕਿ ਇਹ ਈ-ਮੇਲ ਕਈ ਹੋਰਾਂ ਨੂੰ ਪ੍ਰਾਪਤ ਹੋਈ ਸੀ, ਜਿਸ ਵਿੱਚ ਮੁੱਖ ਮੰਤਰੀ ਦਫ਼ਤਰ ਨਾਲ ਜੁੜੀ ਇੱਕ ਅਧਿਕਾਰਤ ਆਈਡੀ ਅਤੇ ਇੱਕ ਨਿੱਜੀ ਵਿਅਕਤੀ ਸ਼ਾਮਲ ਸੀ। ਵਧੀਕ ਡਿਪਟੀ ਕਮਿਸ਼ਨਰ ਆਫ਼ ਪੁਲਿਸ ਕੁੰਵਰ ਰਾਸ਼ਟਰਦੀਪ ਨੇ ਕਿਹਾ, “ਸਾਈਬਰ ਕਰਾਈਮ ਮਾਹਿਰਾਂ ਅਤੇ ਖੁਫੀਆ ਟੀਮਾਂ ਨੂੰ ਈ-ਮੇਲ ਦੇ ਸਰੋਤ ਦਾ ਪਤਾ ਲਗਾਉਣ ਅਤੇ ਧਮਕੀਆਂ ਦੀ ਭਰੋਸੇਯੋਗਤਾ ਦਾ ਮੁਲਾਂਕਣ ਕਰਨ ਦਾ ਕੰਮ ਸੌਂਪਿਆ ਗਿਆ ਹੈ। ਮੁੱਖ ਸਰਕਾਰੀ ਸੰਸਥਾਵਾਂ ਅਤੇ ਸਟੇਡੀਅਮਾਂ ’ਤੇ ਸੁਰੱਖਿਆ ਪ੍ਰਬੰਧ ਮਜ਼ਬੂਤ ਕੀਤੇ ਗਏ ਹਨ।”

ਈ-ਮੇਲ ਭੇਜਣ ਵਾਲੇ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਜੇਕਰ ਉਸ ਨੂੰ ਫੜਿਆ ਜਾਂਦਾ ਹੈ ਤਾਂ ਉਹ ਮਾਨਸਿਕ ਅਸਥਿਰਤਾ ਦਾ ਹਵਾਲਾ ਦੇ ਕੇ ਕਾਨੂੰਨੀ ਕਾਰਵਾਈ ਤੋਂ ਬਚ ਜਾਵੇਗਾ ਅਤੇ ਇਸ ਸਬੰਧੀ ਮੈਡੀਕਲ ਸਰਟੀਫਿਕੇਟ ਉਸ ਨੇ ਪਹਿਲਾਂ ਹੀ ਪ੍ਰਾਪਤ ਕਰ ਲਿਆ ਹੈ।

ਅਧਿਕਾਰੀਆਂ ਨੇ ਕਿਹਾ ਕਿ ਹਰ ਪਹਿਲੂ ਦੀ ਜਾਂਚ ਕੀਤੀ ਜਾ ਰਹੀ ਹੈ।

# ਆਈ.ਏ.ਈ.ਏ.: ਪਾਕਿਸਤਾਨ ’ਚ ਕਿਸੇ ਵੀ ਪਰਮਾਣੂ ਟਿਕਾਣੇ ਤੋਂ ਕੋਈ ਰੇਡੀਏਸ਼ਨ ਲੀਕ ਨਹੀਂ ਹੋਇਆ



ਨਵੀਂ ਦਿੱਲੀ, 15 ਮਈ (ਪ੍ਰਤੀਨਿਧੀ) : ਗਲੋਬਲ ਨਿਊਕਲੀਅਰ ਨਿਗਰਾਨ ਆਈ.ਏ.ਈ.ਏ. ਨੇ ਦਾਅਵਾ ਕੀਤਾ ਹੈ ਕਿ ਭਾਰਤ ਨਾਲ ਹਾਲ ਹੀ ਵਿੱਚ ਹੋਏ ਫ਼ੌਜੀ ਟਕਰਾਅ ਦੌਰਾਨ ਪਾਕਿਸਤਾਨ ਦੇ ਕਿਸੇ ਵੀ ਪ੍ਰਮਾਣੂ ਟਿਕਾਣੇ ਤੋਂ ਕੋਈ ਰੇਡੀਏਸ਼ਨ ਲੀਕ ਜਾਂ ਰਿਲੀਜ਼ ਨਹੀਂ ਹੋਈ।

ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ (ਆਈ.ਏ.ਈ.ਏ.) ਦਾ ਬਿਆਨ ਸੋਸ਼ਲ ਮੀਡੀਆ ’ਤੇ ਕੀਤੇ ਜਾ ਰਹੇ ਦਾਅਵਿਆਂ ਦੌਰਾਨ ਆਇਆ ਹੈ ਕਿ ‘ਅਪਰੇਸ਼ਨ ਸਿੰਧੂਰ’ ਦੌਰਾਨ ਭਾਰਤੀ ਹਥਿਆਰਬੰਦ ਬਲਾਂ ਨੇ ਪਾਕਿਸਤਾਨ ਦੇ ਪ੍ਰਮਾਣੂ ਟਿਕਾਣੇ ਨੂੰ ਨਿਸ਼ਾਨਾ ਬਣਾਇਆ ਸੀ।

ਆਈ.ਏ.ਈ.ਏ. ਦੇ ਤਰਜਮਾਨ ਨੇ ਦੱਸਿਆ, “ਆਈ.ਏ.ਈ.ਏ. ਕੋਲ ਉਪਲਬਧ ਜਾਣਕਾਰੀ ਦੇ ਆਧਾਰ ’ਤੇ ਪਾਕਿਸਤਾਨ ਵਿੱਚ ਕਿਸੇ ਵੀ ਪ੍ਰਮਾਣੂ ਟਿਕਾਣੇ ਤੋਂ ਕੋਈ ਰੇਡੀਏਸ਼ਨ ਲੀਕ ਜਾਂ ਰਿਲੀਜ਼ ਨਹੀਂ ਹੋਈ ਹੈ।”


ਇਸ ਤੋਂ ਪਹਿਲਾਂ ਏਅਰ ਅਪਰੇਸ਼ਨਜ਼ ਦੇ ਡਾਇਰੈਕਟਰ ਜਨਰਲ, ਏਅਰ ਮਾਰਸ਼ਲ ਏਕੇ ਭਾਰਤੀ ਨੇ ਉਨ੍ਹਾਂ ਦਾਅਵਿਆਂ ਨੂੰ ਰੱਦ ਕਰ ਦਿੱਤਾ ਕਿ ਭਾਰਤ ਨੇ ਪਾਕਿਸਤਾਨ ਦੇ ਪ੍ਰਮਾਣੂ ਟਿਕਾਣਿਆਂ ਦੇ ਗੜ੍ਹ ਕਿਰਾਨਾ ਹਿੱਲਜ਼ ਨੂੰ ਨਿਸ਼ਾਨਾ ਬਣਾਇਆ ਹੈ।

ਏਅਰ ਮਾਰਸ਼ਲ ਏਕੇ ਭਾਰਤੀ ਨੇ 12 ਮਈ ਨੂੰ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ, “ ਜੋ ਕੁੱਝ ਵੀ ਹੈ, ਅਸੀਂ ਕਿਰਾਨਾ ਹਿੱਲਜ਼ ਨੂੰ ਨਿਸ਼ਾਨਾ ਨਹੀਂ ਬਣਾਇਆ ਹੈ।”

ਭਾਰਤ ਨੇ ਸਰਗੋਧਾ ਵਿੱਚ ਇੱਕ ਏਅਰਬੇਸ ਨੂੰ ਨਿਸ਼ਾਨਾ ਬਣਾਇਆ ਅਤੇ ਕੁਝ ਰਿਪੋਰਟਾਂ ਸਨ ਕਿ ਇਹ ਬੇਸ ਕਿਰਾਨਾ ਹਿੱਲਜ਼ ਵਿੱਚ ਇੱਕ ਭੂਮੀਗਤ ਪ੍ਰਮਾਣੂ ਸਟੋਰੇਜ਼ ਸਹੂਲਤ ਨਾਲ ਜੁੜਿਆ ਹੋਇਆ ਹੈ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਵੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੋਵਾਂ ਦੇਸ਼ਾਂ ਵਿਚਕਾਰ ਪ੍ਰਮਾਣੂ ਟਕਰਾਅ ਨੂੰ ਟਾਲਣ ਦੇ ਦਾਅਵਿਆਂ ਨੂੰ ਰੱਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਭਾਰਤ ਦੀ ਫ਼ੌਜੀ ਕਾਰਵਾਈ ਰਵਾਇਤੀ ਖੇਤਰ ਵਿੱਚ ਸੀ ਅਤੇ ਉਨ੍ਹਾਂ ਨੇ ਪ੍ਰਮਾਣੂ ਯੁੱਧ ਬਾਰੇ ਅਟਕਲਾਂ ਤੋਂ ਇਨਕਾਰ ਕੀਤਾ।

# ਕਾਨਪੁਰ ’ਚ ਵਾਲਾਂ ਦੇ ਟ੍ਰਾਂਸਪਲਾਂਟ ਤੋਂ ਬਾਅਦ ਇਕ ਹੋਰ ਇੰਜੀਨੀਅਰ ਦੀ ਮੌਤ



ਕਾਨਪੁਰ, 15 ਮਈ (ਪ੍ਰਤੀਨਿਧੀ) : ਯੂਪੀ ਦੇ ਕਾਨਪੁਰ ਵਿਚ ਵਾਲਾਂ ਦੇ ਟ੍ਰਾਂਸਪਲਾਂਟ ਤੋਂ ਬਾਅਦ ਇਕ ਹੋਰ ਇੰਜੀਨੀਅਰ ਦੀ ਮੌਤ ਹੋ ਗਈ ਹੈ। ਇਸ ਇੰਜੀਨੀਅਰ ਨੇ ਐਂਪਾਇਰ ਕਲੀਨਿਕ ਦੀ ਡਾ. ਅਨੁਸ਼ਕਾ ਤਿਵਾੜੀ ਤੋਂ ਵਾਲਾਂ ਦਾ ਟ੍ਰਾਂਸਪਲਾਂਟ ਕਰਵਾਇਆ ਸੀ। ਵਾਲਾਂ ਦੇ ਟ੍ਰਾਂਸਪਲਾਂਟ ਤੋਂ ਬਾਅਦ, ਪੂਰਾ ਚਿਹਰਾ ਸੁੱਜ ਗਿਆ। ਜਿਸ ਕਾਰਨ ਉਸ ਨੂੰ ਦਿਖਾਈ ਦੇਣਾ ਬੰਦ ਹੋ ਗਿਆ। ਇਸ ਤੋਂ ਬਾਅਦ ਉਹ ਦਰਦ ਨਾਲ ਤੜਫ-ਤੜਫ ਕੇ ਮਰ ਗਿਆ। ਪੀੜਤ ਪਰਵਾਰ ਨੇ ਛੇ ਮਹੀਨਿਆਂ ਬਾਅਦ 13 ਮਈ ਨੂੰ ਪੁਲਿਸ ਨੂੰ ਸ਼ਿਕਾਇਤ ਕੀਤੀ, ਪਰ ਅਜੇ ਤਕ ਐਫ਼ਆਈਆਰ ਦਰਜ ਨਹੀਂ ਕੀਤੀ ਗਈ ਹੈ।

ਜਾਣਕਾਰੀ ਅਨੁਸਾਰ ਫ਼ਰੂਖਾਬਾਦ ਦੇ ਬਲਦੇਵ ਭਵਨ ਭੋਲੇਪੁਰ ਦੀ ਵਸਨੀਕ ਪ੍ਰਮੋਦੀਨੀ ਕਟਿਆਰ ਨੇ ਦਸਿਆ ਕਿ ਉਸ ਦੇ ਬੇਟੇ ਮਯੰਕ ਕਟਿਆਰ (32) ਨੇ ਕਾਨਪੁਰ ਦੇ ਇਕ ਪ੍ਰਾਈਵੇਟ ਕਲੀਨਿਕਲ ਇੰਜੀਨੀਅਰਿੰਗ ਕਾਲਜ ਤੋਂ ਬੀ.ਟੈਕ. ਕੀਤੀ ਸੀ। ਉਹ ਕਾਨਪੁਰ ਵਿਚ ਹੀ ਅਪਣਾ ਕਾਰੋਬਾਰ ਸਥਾਪਤ ਕਰਨ ਦੀ ਤਿਆਰੀ ਕਰ ਰਿਹਾ ਸੀ। ਪਤੀ ਦੀ ਮੌਤ ਤੋਂ ਬਾਅਦ, ਸਾਰੀ ਜ਼ਿੰਮੇਵਾਰੀ ਵੱਡੇ ਪੁੱਤਰ ਮਯੰਕ ਦੇ ਮੋਢਿਆਂ ’ਤੇ ਆ ਗਈ ਸੀ।

ਪਰਵਾਰਕ ਮੈਂਬਰਾਂ ਦੇ ਅਨੁਸਾਰ, ਮਯੰਕ 18 ਨਵੰਬਰ 2024 ਨੂੰ ਵਾਲਾਂ ਦੇ ਟ੍ਰਾਂਸਪਲਾਂਟ ਲਈ ਸਵੇਰੇ ਕੇਸ਼ਵਪੁਰਮ ਦੇ ਐਂਪਾਇਰ ਕਲੀਨਿਕ ਦੀ ਡਾਕਟਰ ਅਨੁਸ਼ਕਾ ਤਿਵਾੜੀ ਕੋਲ ਗਿਆ ਸੀ। ਵਾਲਾਂ ਦੇ ਟ੍ਰਾਂਸਪਲਾਂਟ ਤੋਂ ਬਾਅਦ, ਸ਼ਾਮ ਪੰਜ ਵਜੇ, ਛੋਟਾ ਪੁੱਤਰ ਕੁਸਾਗਰ ਅਪਣੇ ਭਰਾ ਮਯੰਕ ਨੂੰ ਲੈ ਕੇ ਫ਼ਰੂਖਾਬਾਦ ਘਰ ਆਇਆ। ਉਸ ਨੂੰ ਰਾਤ 12 ਵਜੇ ਸਿਰ ਦਰਦ ਹੋਇਆ ਅਤੇ ਉਸ ਨੇ ਡਾਕਟਰ ਨਾਲ ਗੱਲ ਕੀਤੀ। ਉਨ੍ਹਾਂ ਟੀਕਾ ਲਗਵਾਉਣ ਦੀ ਸਲਾਹ ਦਿਤੀ, ਪਰ ਦਰਦ ਤੋਂ ਕੋਈ ਰਾਹਤ ਨਾ ਮਿਲੀ।


ਮਯੰਕ ਸਾਰੀ ਰਾਤ ਦਰਦ ਨਾਲ ਤੜਫਦਾ ਰਿਹਾ। ਉਸ ਦਾ ਚਿਹਰਾ ਸੁੱਜਦਾ ਜਾ ਰਿਹਾ ਸੀ। ਜਿਸ ਕਾਰਨ ਉਸ ਨੂੰ ਦਿਖਾਈ ਦੇਣਾ ਬੰਦ ਹੋ ਗਿਆ। ਜਦੋਂ ਉਨ੍ਹਾਂ ਸਵੇਰੇ ਦੁਬਾਰਾ ਡਾਕਟਰ ਨਾਲ ਗੱਲ ਕੀਤੀ, ਤਾਂ ਉਨ੍ਹਾਂ ਕਿਹਾ ਕਿ ਸੱਭ ਠੀਕ ਹੋ ਜਾਵੇਗਾ। ਜਦੋਂ ਉਸ ਦੇ ਚਿਹਰੇ ’ਤੇ ਸੋਜ ਅਤੇ ਛਾਤੀ ਵਿਚ ਦਰਦ ਹੋਣ ਲੱਗਾ, ਤਾਂ ਉਸ ਨੂੰ ਫਰੂਖਾਬਾਦ ਦੇ ਦਿਲ ਦੇ ਡਾਕਟਰ ਕੋਲ ਭੇਜਿਆ ਗਿਆ। ਜਾਂਚ ਤੋਂ ਬਾਅਦ, ਡਾਕਟਰ ਨੇ ਕਿਹਾ ਕਿ ਦਿਲ ਦੀ ਕੋਈ ਸਮੱਸਿਆ ਨਹੀਂ ਹੈ। ਇਸ ਨੂੰ ਉੱਥੇ ਲੈ ਜਾਓ ਜਿੱਥੇ ਤੁਸੀਂ ਵਾਲਾਂ ਦਾ ਟ੍ਰਾਂਸਪਲਾਂਟ ਕਰਵਾਇਆ ਸੀ। ਪਰਵਾਰ ਨੇ ਮਯੰਕ ਨੂੰ ਕਾਨਪੁਰ ਲਿਜਾਣ ਦੀ ਤਿਆਰੀ ਸ਼ੁਰੂ ਕਰ ਦਿਤੀ, ਜਿਸ ਦੌਰਾਨ ਉਸ ਨੇ ਅਪਣੀ ਮਾਂ ਦੇ ਹੱਥਾਂ ’ਚ ਦਮ ਤੋੜ ਦਿਤਾ।

ਮਯੰਕ ਦੀ ਮਾਂ ਨੇ ਕਿਹਾ ਕਿ ਉਹ ਪਿਛਲੇ ਛੇ ਮਹੀਨਿਆਂ ਤੋਂ ਭਟਕ ਰਹੀ ਹੈ, ਪਰ ਕੋਈ ਉਸ ਦੀ ਗੱਲ ਨਹੀਂ ਸੁਣ ਰਿਹਾ। ਪੁੱਤਰ ਦਾ ਪੋਸਟਮਾਰਟਮ ਨਹੀਂ ਹੋਇਆ ਸੀ। ਜਿਸ ਕਾਰਨ ਪੁਲਿਸ ਰਿਪੋਰਟ ਦਰਜ ਨਹੀਂ ਕਰ ਰਹੀ ਹੈ। ਮਯੰਕ ਦੇ ਭਰਾ ਕੁਸ਼ਾਗ੍ਰ ਨੇ ਕਿਹਾ ਕਿ ਮੇਰੇ ਕੋਲ ਡਾਕਟਰ ਵਿਰੁਧ ਕਾਫ਼ੀ ਸਬੂਤ ਹਨ।

ਜ਼ਿਕਰਯੋਗ ਹੈ ਕਿ ਕਾਨਪੁਰ ਦੇ ਰਾਵਤਪੁਰ ਥਾਣਾ ਖੇਤਰ ਦੇ ਅਫ਼ਸਰ ਕਲੋਨੀ ਦੇ ਰਹਿਣ ਵਾਲੇ ਇੰਜੀਨੀਅਰ ਵਿਨੀਤ ਦੂਬੇ ਦੀ ਮੌਤ ਵੀ ਟ੍ਰਾਂਸਪਲਾਂਟ ਕਾਰਨ ਹੋਣ ਤੋਂ ਬਾਅਦ, ਜਦੋਂ ਉਨ੍ਹਾਂ ਦੀ ਪਤਨੀ ਜਯਾ ਨੇ ਸੀਐੱਮ ਪੋਰਟਲ ਰਾਹੀਂ ਸ਼ਿਕਾਇਤ ਦਾਇਰ ਕੀਤੀ, ਤਾਂ ਇਨਸਾਫ਼ ਦੀ ਉਮੀਦ ਜਾਗ ਪਈ। ਜੇ ਡਾ. ਅਨੁਸ਼ਕਾ ਤਿਵਾੜੀ ਨੂੰ ਜੇਲ ਨਹੀਂ ਭੇਜਿਆ ਜਾਂਦਾ, ਤਾਂ ਉਹ ਇਸ ਤਰ੍ਹਾਂ ਲੋਕਾਂ ਦੀਆਂ ਜਾਨਾਂ ਲੈਂਦੀ ਰਹੇਗੀ।

ਇੰਜੀਨੀਅਰ ਵਿਨੀਤ ਦੂਬੇ ਦੀ ਮੌਤ ਤੋਂ 54 ਦਿਨਾਂ ਬਾਅਦ, ਪੁਲਿਸ ਨੇ ਰਾਵਤਪੁਰ ਪੁਲਿਸ ਸਟੇਸ਼ਨ ਵਿਚ ਐਫ਼ਆਈਆਰ ਦਰਜ ਕੀਤੀ। ਜਾਣਕਾਰੀ ਅਨੁਸਾਰ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿਤੀ ਹੈ। ਡੀਸੀਪੀ ਵੈਸਟ ਦਿਨੇਸ਼ ਤ੍ਰਿਪਾਠੀ ਨੇ ਇਸ ਦੀ ਜਾਂਚ ਇੰਸਪੈਕਟਰ ਪੁਸ਼ਪਰਾਜ ਨੂੰ ਸੌਂਪ ਦਿਤੀ ਹੈ। ਉਨ੍ਹਾਂ ਨੇ ਡਾਕਟਰ ਦੀ ਗ੍ਰਿਫ਼ਤਾਰੀ ਦੇ ਹੁਕਮ ਦੇ ਦਿਤੇ ਹਨ, ਪਰ ਡਾਕਟਰ ਕਲੀਨਿਕ ਨੂੰ ਤਾਲਾ ਲਗਾ ਕੇ ਫ਼ਰਾਰ ਹੋ ਗਏ ਹਨ। ਪੁਲਿਸ ਉਸ ਦੀ ਭਾਲ ਵਿਚ ਜੁੱਟੀ ਹੋਈ ਹੈ।

# ਫ਼ੌਜ ਮੁਖੀ ਨੇ ਸਰਹੱਦੀ ਖੇਤਰਾਂ ਦਾ ਕੀਤਾ ਦੌਰਾ, ਆਪ੍ਰੇਸ਼ਨ ਸਿੰਦੂਰ ਵਿੱਚ ਸੈਨਿਕਾਂ ਦੀ ਭੂਮਿਕਾ ਦੀ ਕੀਤੀ ਪ੍ਰਸ਼ੰਸਾ



ਸ੍ਰੀਨਗਰ, 15 ਮਈ (ਪ੍ਰਤੀਨਿਧੀ) : ਫ਼ੌਜ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਵੀਰਵਾਰ ਨੂੰ ਜੰਮੂ-ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ ਦੇ ਅਗਲੇ ਇਲਾਕਿਆਂ ਦਾ ਦੌਰਾ ਕੀਤਾ ਅਤੇ ’ਆਪ੍ਰੇਸ਼ਨ ਸਿੰਦੂਰ’ ਦੌਰਾਨ ਕੰਟਰੋਲ ਰੇਖਾ ’ਤੇ ਆਪਣਾ ਦਬਦਬਾ ਬਣਾਈ ਰੱਖਣ ਲਈ ਫ਼ੌਜੀਆਂ ਦੀ ਪ੍ਰਸ਼ੰਸਾ ਕੀਤੀ।

ਉਨ੍ਹਾਂ ਸੈਨਿਕਾਂ ਨੂੰ ਕਿਹਾ ਕਿ ਉਹ ਕਿਸੇ ਵੀ ਚੁਣੌਤੀ ਦਾ ਫ਼ੈਸਲਾਕੁੰਨ ਤਾਕਤ ਨਾਲ ਜਵਾਬ ਦੇਣ ਲਈ ਹਮੇਸ਼ਾ ਤਿਆਰ ਰਹਿਣ।

ਫ਼ੌਜ ਨੇ ’ਐਕਸ’ ’ਤੇ ਇੱਕ ਪੋਸਟ ਵਿੱਚ ਕਿਹਾ ਕਿ ਫ਼ੌਜ ਮੁਖੀ (ਸੀ.ਓ.ਏ.ਐਸ.) ਨੇ ਚਿਨਾਰ ਕੋਰ ਦੇ ਡੈਗਰ ਡਿਵੀਜ਼ਨ ਦਾ ਦੌਰਾ ਕੀਤਾ।

ਵਧੀਕ ਡਾਇਰੈਕਟੋਰੇਟ ਜਨਰਲ ਆਫ਼ ਪਬਲਿਕ ਇਨਫਰਮੇਸ਼ਨ ਨੇ ਪੋਸਟ ਵਿੱਚ ਕਿਹਾ, ’ਫ਼ੌਜ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਚਿਨਾਰ ਕੋਰ ਦੇ ਡੈਗਰ ਡਿਵੀਜ਼ਨ ਦੇ ਅਗਲੇ ਖੇਤਰਾਂ ਦਾ ਦੌਰਾ ਕੀਤਾ ਅਤੇ ਸਾਰੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ।’ ਸੈਨਿਕਾਂ ਨੂੰ ਸੰਬੋਧਨ ਕਰਦੇ ਹੋਏ, ਉਨ੍ਹਾਂ ਨੇ ਆਪ੍ਰੇਸ਼ਨ ਸਿੰਦੂਰ ਦੌਰਾਨ ਕੰਟਰੋਲ ਰੇਖਾ ਦੇ ਨਾਲ ਦਬਦਬਾ ਬਣਾਈ ਰੱਖਣ ਵਿੱਚ ਉਨ੍ਹਾਂ ਦੀ ਹਿੰਮਤ, ਜੋਸ਼ ਅਤੇ ਚੌਕਸੀ ਕਾਰਵਾਈ ਦੀ ਸ਼ਲਾਘਾ ਕੀਤੀ।

ਪੋਸਟ ਦੇ ਅਨੁਸਾਰ, ਫ਼ੌਜ ਮੁਖੀ ਨੇ ਪਾਕਿਸਤਾਨ ਦੇ ਕਬਜ਼ੇ ਵਾਲੇ ਜੰਮੂ ਅਤੇ ਕਸ਼ਮੀਰ ਵਿੱਚ ਅਤਿਵਾਦੀ ਕੈਂਪਾਂ ਨੂੰ ਤਬਾਹ ਕਰਨ ਵਿੱਚ ਸੈਨਿਕਾਂ ਦੀ ਭੂਮਿਕਾ ਦੀ ਪ੍ਰਸ਼ੰਸਾ ਕੀਤੀ।

ਫ਼ੌਜ ਨੇ ਕਿਹਾ, ’ਸੈਨਾ ਮੁਖੀ ਨੇ ਕੰਟਰੋਲ ਰੇਖਾ ਦੇ ਪਾਰ ਪਾਕਿਸਤਾਨ ਵੱਲੋਂ ਕੀਤੀ ਗਈ ਕਾਇਰਤਾਪੂਰਨ ਗੋਲੀਬਾਰੀ ਤੋਂ ਪ੍ਰਭਾਵਿਤ ਨਾਗਰਿਕਾਂ ਨੂੰ ਰਾਹਤ ਪ੍ਰਦਾਨ ਕਰਨ ਵਿੱਚ ਡੈਗਰ ਡਿਵੀਜ਼ਨ ਵੱਲੋਂ ਨਿਭਾਈ ਗਈ ਭੂਮਿਕਾ ਦੀ ਸ਼ਲਾਘਾ ਕੀਤੀ।’ ਉਨ੍ਹਾਂ ਨੇ ਸੈਨਿਕਾਂ ਨੂੰ ਕਿਸੇ ਵੀ ਚੁਣੌਤੀ ਦਾ ਫ਼ੈਸਲਾਕੁੰਨ ਤਾਕਤ ਨਾਲ ਜਵਾਬ ਦੇਣ ਲਈ ਹਮੇਸ਼ਾ ਤਿਆਰ ਰਹਿਣ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ।

# ਮੁੱਖ ਮੰਤਰੀ ਨੇ ਸ਼ਹੀਦ ਦਿਨੇਸ਼ ਕੁਮਾਰ ਸ਼ਰਮਾ ਨੂੰ ਦਿੱਤੀ ਸ਼ਰਧਾਂਜਲੀ ਅਤੇ ਪਰਿਵਾਰ ਨੂੰ ਦਿੱਤਾ ਹੌਸਲਾ

## ਪਿੰਡ ਵਿੱਚ ਆਪ੍ਰੇਸ਼ਨ ਸਿੰਦੂਰ ਸ਼ਹੀਦ ਦਿਨੇਸ਼ ਕੁਮਾਰ ਸ਼ਰਮਾ ਦੇ ਨਾਮ 'ਤੇ ਬਣਾਇਆ ਜਾਵੇਗਾ ਪਾਰਕ : ਸੈਣੀ



ਪੰਚਕੂਲਾ , 15 ਮਈ (ਪ੍ਰਤੀਨਿਧੀ) : ਪਿਛਲੇ ਦਿਨਾਂ ਪਾਕੀਸਤਾਨੀ ਸੇਨਾ ਵੱਲੋਂ ਪੁੰਛ ਬੋਰਡ 'ਤੇ ਕੀਤੇ ਗਏ ਹਮਲੇ ਵਿੱਚ ਸ਼ਹੀਦ ਹੋਏ ਜ਼ਿਲ੍ਹਾ ਪਲਵਲ ਦੇ ਸਬ-ਡਿਵੀਜਨ ਹੋਡਲ ਦੇ ਲਾਂਸ ਨਾਇਕ ਸ਼ਹੀਦ ਦਿਨੇਸ਼ ਕੁਮਾਰ ਸ਼ਰਮਾ ਨੂੰ ਸ਼ਰਧਾਂਜਲੀ ਦੇਣ ਲਈ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਵੀਰਵਾਰ ਨੂੰ ਪਿੰਡ ਨਗਲਾ ਮੋਹੰਮਦਪੁਰ ਪਹੁੰਚੇ। ਉਨ੍ਹਾਂ ਨੇ ਸ਼ਹੀਦ ਦਿਨੇਕਸ਼ ਕੁਮਾਰ ਸ਼ਰਮਾ ਦੇ ਫੋਟੋ 'ਤੇ ਪੁਸ਼ਪਾਂਜਲੀ ਅਰਪਿਤ ਕਰਦੇ ਹੋਏ ਸ਼ਹੀਦ ਨੂੰ ਨਮਨ ਕੀਤਾ ਅਤੇ ਸ਼ਰਧਾਂਜਲੀ ਦਿੱਤੀ। ਉਨ੍ਹਾਂ ਨੇ ਕਿਹਾ ਕਿ ਦੁੱਖ ਦੇ ਇਸ ਸਮੇਂ ਵਿੱਚ ਸਰਕਾਰ ਅਤੇ ਪੂਰਾ ਖੇਤਰ ਉਨ੍ਹਾਂ ਦੇ ਪਰਿਵਾਰ ਦੇ ਨਾਲ ਖੜਾ ਹੈ। ਉਨ੍ਹਾਂ ਨੇ ਸ਼ਹੀਦ ਦੇ ਪਰਿਜਨਾਂ ਨੂੰ ਹੌਸਲਾ ਦਿੱਤਾ ਅਤੇ ਉਨ੍ਹਾਂ ਨੂੰ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ।

ਮੁੱਖ ਮੰਤਰੀ ਨੇ ਕਿਹਾ ਕਿ ਵੀਰ ਸਪੂਤ ਸ਼ਹੀਦ ਦਿਨੇਸ਼ ਕੁਮਾਰ ਸ਼ਰਮਾ ਨੇ ਸੀਮਾ 'ਤੇ ਪਾਕੀਸਤਾਨ ਵੱਲੋਂ ਹੋਈ ਗੋਲੀਬਾਰੀ ਦਾ ਡੱਟ ਕੇ ਮੁਕਾਬਲਾ ਕਰਦੇ ਹੋਏ ਮਾਤਰਭੂਮੀ ਦੀ ਰੱਖਿਆ ਵਿੱਚ ਆਪਣੇ ਪ੍ਰਾਣ ਦਾ ਸਰਵੋਚ ਬਲਿਦਾਨ ਦਿੱਤਾ, ਜਿਸ 'ਤੇ ਸਾਰੇ ਭਾਰਤਵਾਸੀਆਂ ਨੂੰ ਮਾਣ ਹੈ। ਵਰਨਣਯੋਗ ਹੈ ਕਿ ਸੁਰਗਵਾਸੀ ਦਿਨੇਸ਼ ਕੁਮਾਰ ਸ਼ਰਮਾ ਪੁੰਛ ਬੋਰਡ 'ਤੇ ਲਾਂਸ ਨਾਯਕ ਦੇ ਅਹੁਦੇ 'ਤੇ ਤੈਨਾਤ ਸਨ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸ਼ਹੀਦ ਦਿਨੇਸ਼ ਕੁਮਾਰ ਸ਼ਰਮਾ ਨੂੰ ਸਰਕਾਰ ਦੀ ਯੋਜਨਾ ਅਨੁਸਾਰ 4 ਕਰੋੜ ਰੁਪਏ ਦੀ ਆਰਥਕ ਮਦਦ ਤੇ ਸਹੂਲਤਾਂ ਸਰਕਾਰ ਵੱਲੋਂ ਦਿੱਤੀਆਂ ਜਾਣਗੀਆਂ। ਸ਼ਹੀਦ ਦਿਨੇਸ਼ ਕੁਮਾਰ ਸ਼ਰਮਾ ਦੇ ਪਿਤਾ ਦਿਆਨੰਦ ਨੇ ਪਿੰਡ ਵਿੱਚ ਢਾਈ ਬੀਘਾ ਜਮੀਨ 'ਤੇ ਪਾਰਕ ਬਨਾਉਣ ਦੀ ਗੱਲ ਕਹੀ, ਜਿਸ 'ਤੇ ਮੁੱਖ ਮੰਤਰੀ ਨੇ ਸ਼ਹੀਦ ਦਿਨੇਸ਼ ਕੁਮਾਰ ਸ਼ਰਮਾ ਦੇ ਨਾਂ 'ਤੇ ਪਾਰਕ ਬਨਾਉਣਾ ਦਾ ਭਰੋਸਾ ਦਿੱਤਾ। ਇਸ ਦੇ ਬਾਅਦ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪਿੰਡ ਦੇ ਸਰਪੰਚ ਕੁਮਾਰ ਯੁੱਗਪੁਰਸ਼ ਦੇ ਨਿਵਾਸ ਸਥਾਨ 'ਤੇ ਪਹੁੰਚ ਕੇ ਸਰਪੰਚ ਦੇ ਦਾਦਾ ਸੁਰਗਵਾਸੀ ਪੰਡਿਤ ਸ਼ੀਸ਼ਰਾਮ ਪਾਠਕ ਨੂੰ ਸ਼ਰਧਾਜਲੀ ਦਿੰਦੇ ਹੋਏ ਨਮਨ ਕੀਤਾ। ਉਨ੍ਹਾਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਹੌਂਸਲਾ ਦਿੱਤਾ। ਪਿੰਡ ਤੋਂ ਪਰਤਦੇ ਸਮੇਂ ਰਸਤੇ ਵਿੱਚ ਮਹਿਲਾਵਾਂ ਨੂੰ ਦੇਖ ਕੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਆਪਣਾ ਕਾਫਿਲਾ ਰੁਕਵਾਇਆ ਅਤੇ ਪੇਂਡੂ ਮਹਿਲਾਵਾਂ ਦੀ ਮੰਗਾਂ ਨੂੰ ਸੁਣਿਆ। ਮਹਿਲਾਵਾਂ ਨੇ ਮੁੱਖ ਮੰਤਰੀ ਦੇ ਸਾਹਮਣੇ ਪਿੰਡ ਦੀ ਪ੍ਰਾਥਮਿਕ ਪਾਠਸ਼ਾਲਾ ਨੂੰ ਅਪਗ੍ਰੇਡ ਕਰਨ ਦੀ ਮੰਗ ਰੱਖੀ। ਮੁੱਖ ਮੰਤਰੀ ਨੇ ਮੌਕੇ 'ਤੇ ਹੀ ਤੁਰੰਤ ਪਿੰਡ ਦੀ ਪ੍ਰਾਥਮਿਕ ਪਾਠਸ਼ਾਲਾ ਨੂੰ ਅਪਗ੍ਰੇਡ ਕਰਨ ਦਾ ਐਲਾਨ ਕੀਤਾ। ਇਸ ਮੌਕੇ 'ਤੇ ਕੇਂਦਰੀ ਸਹਿਕਾਰਤਾ ਰਾਜ ਮੰਤਰੀ ਸ੍ਰੀ ਕ੍ਰਿਸ਼ਣਪਾਲ ਗੁੱਜਰ, ਹਰਿਆਣਾ ਦੇ ਖੇਡ ਰਾਜ ਮੰਤਰੀ ਸ੍ਰੀ ਗੌਰਵ ਗੌਤਮ, ਵਿਧਾਇਕ ਸ੍ਰੀ ਹਰੇਂਦਰ ਸਿੰਘ ਸਮੇਤ ਪਿੰਡ ਦੇ ਅਨੇਕ ਮਾਣਯੋਗ ਲੋਕ ਅਤੇ ਅਧਿਕਾਰੀ ਮੌਜੂਦ ਰਹੇ।

# ਕਰਨਾਲ ਦੇ ਵਾਰਡਾਂ ਵਿੱਚ ਲਗਭਗ 2 ਕਰੋੜ 54 ਲੱਖ ਰੁਪਏ ਦੀ ਲਾਗਤ ਨਾਲ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਿਆ

➢ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ: ਜਗਮੋਹਨ ਆਨੰਦ ➢ ਫੌਜ ਦੀ ਬਹਾਦਰੀ ਦੇ ਸਨਮਾਨ ਲਈ ਤਿਰੰਗਾ ਯਾਤਰਾ ਦਾ ਆਯੋਜਨ ਕੀਤਾ ਜਾਵੇਗਾ



ਕਰਨਾਲ, 15 ਮਈ (ਪ੍ਰਤੀਨਿਧੀ) : ਕਰਨਾਲ ਦੇ ਵਿਧਾਇਕ ਜਗਮੋਹਨ ਆਨੰਦ ਅਤੇ ਨਗਰ ਨਿਗਮ ਦੀ ਮੇਅਰ ਰੇਣੂ ਬਾਲਾ ਗੁਪਤਾ ਨੇ ਵੀਰਵਾਰ ਨੂੰ ਸਾਂਝੇ ਤੌਰ 'ਤੇ ਵਾਰਡ ਨੰਬਰ 3, 7, 12, 19 ਅਤੇ ਵਾਰਡ ਨੰਬਰ 20 ਵਿੱਚ ਲਗਭਗ 2 ਕਰੋੜ 54 ਲੱਖ ਰੁਪਏ ਦੀ ਲਾਗਤ ਨਾਲ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਿਆ। ਵਿਧਾਇਕ ਜਗਮੋਹਨ ਆਨੰਦ ਨੇ ਕਿਹਾ ਕਿ ਕਰਨਾਲ ਦੇ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਕਰਨਾਲ ਦੇ ਹਰ ਕੋਨੇ ਤੱਕ ਵਿਕਾਸ ਦੀ ਰੌਸ਼ਨੀ ਫੈਲਾਉਣਾ ਸਾਡਾ ਸੰਕਲਪ ਹੈ। ਕਰਨਾਲ ਨਗਰ ਨਿਗਮ ਵਿੱਚ ਵਿਕਾਸ ਲਈ 400 ਕਰੋੜ ਰੁਪਏ ਦੇ ਬਜਟ ਦਾ ਪ੍ਰਬੰਧ ਕੀਤਾ ਗਿਆ ਹੈ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਵਿਕਾਸ ਕਾਰਜ ਲਗਾਤਾਰ ਕੀਤੇ ਜਾ ਰਹੇ ਹਨ ਅਤੇ ਇਹ ਯਕੀਨੀ ਬਣਾਉਣ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ ਕਿ ਕਤਾਰ ਵਿੱਚ ਖੜ੍ਹੇ ਆਖਰੀ ਵਿਅਕਤੀ ਨੂੰ ਵੀ ਲਾਭ ਮਿਲੇ। ਉਨ੍ਹਾਂ ਕਿਹਾ ਕਿ ਜਨਤਕ ਪੈਸੇ ਦੀ ਸਹੀ ਵਰਤੋਂ ਵੱਲ ਪੂਰਾ ਧਿਆਨ ਦਿੱਤਾ ਜਾ ਰਿਹਾ ਹੈ, ਕਰਨਾਲ ਸਾਫ਼-ਸੁਥਰਾ ਅਤੇ ਸੁੰਦਰ ਦਿਖਾਈ ਦੇਣਾ ਚਾਹੀਦਾ ਹੈ ਅਤੇ ਵਿਕਾਸ ਕਾਰਜਾਂ ਦੀ ਦਰਜਾਬੰਦੀ ਵਿੱਚ ਪਹਿਲੇ ਨੰਬਰ 'ਤੇ ਰਹਿਣਾ ਚਾਹੀਦਾ ਹੈ, ਅਤੇ ਕੰਮ ਨਿਰੰਤਰ ਕੀਤਾ ਜਾ ਰਿਹਾ ਹੈ। ਕਰਨਾਲ ਦੇ ਵਿਧਾਇਕ ਜਗਮੋਹਨ ਆਨੰਦ ਨੇ ਕਿਹਾ ਕਿ ਜਨਤਾ ਨੇ ਉਨ੍ਹਾਂ ਨੂੰ ਲੋਕ ਸੇਵਕ ਵਜੋਂ ਚੁਣਿਆ ਹੈ, ਇਸ ਲਈ ਉਹ ਜਨਤਾ ਪ੍ਰਤੀ ਜਵਾਬਦੇਹ ਹਨ। ਲੋਕਾਂ ਦੇ ਭਰੋਸੇ ਕਾਰਨ, ਸੂਬੇ ਵਿੱਚ ਤੀਜੀ ਵਾਰ ਭਾਜਪਾ ਸਰਕਾਰ ਬਣੀ ਹੈ ਅਤੇ ਇਸ ਸਮੇਂ ਸੂਬੇ ਵਿੱਚ ਟ੍ਰਿਪਲ ਇੰਜਣ ਸਰਕਾਰ ਕੰਮ ਕਰ ਰਹੀ ਹੈ। ਇਹ ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ ਦੇ ਸਿਧਾਂਤ 'ਤੇ ਕੰਮ ਕਰ ਰਿਹਾ ਹੈ। ਕਰਨਾਲ ਵਿੱਚ ਜੋ ਵੀ ਵਿਕਾਸ ਕਾਰਜ ਚੱਲ ਰਿਹਾ ਹੈ, ਉਸ ਸਥਾਨ 'ਤੇ ਉਸ ਵਿਕਾਸ ਕਾਰਜ ਨਾਲ ਸਬੰਧਤ ਇੱਕ ਬੋਰਡ ਲਗਾਇਆ ਗਿਆ ਹੈ, ਇਸ ਬੋਰਡ 'ਤੇ ਵਿਕਾਸ ਕਾਰਜ ਨਾਲ ਸਬੰਧਤ ਸਾਰੀ ਜਾਣਕਾਰੀ ਅਧਿਕਾਰੀਆਂ ਦੇ ਨੰਬਰਾਂ ਦੇ ਨਾਲ ਸਾਂਝੀ ਕੀਤੀ ਜਾ ਰਹੀ ਹੈ ਤਾਂ ਜੋ ਆਮ ਜਨਤਾ ਨੂੰ ਪਤਾ ਲੱਗ ਸਕੇ ਕਿ ਕਿਹੜਾ ਵਿਕਾਸ ਕਾਰਜ ਚੱਲ ਰਿਹਾ ਹੈ ਅਤੇ ਇਸ 'ਤੇ ਕਿੰਨਾ ਖਰਚ ਹੋਇਆ ਹੈ। ਵਿਧਾਇਕ ਨੇ ਇਹ ਵੀ ਕਿਹਾ ਕਿ ਜੇਕਰ ਜਨਤਾ ਨੂੰ ਵਿਕਾਸ ਕਾਰਜਾਂ ਬਾਰੇ ਕੁਝ ਕਹਿਣਾ ਹੈ ਜਾਂ ਉਹ ਕੰਮ ਤੋਂ ਸੰਤੁਸ਼ਟ ਨਹੀਂ ਹਨ, ਤਾਂ ਉਹ ਬੋਰਡ 'ਤੇ ਲਿਖੇ ਅਧਿਕਾਰੀ ਦੇ ਫੋਨ ਨੰਬਰ 'ਤੇ ਕਾਲ ਕਰ ਸਕਦੇ ਹਨ ਜਾਂ ਉਨ੍ਹਾਂ ਨੂੰ ਦੱਸ ਸਕਦੇ ਹਨ। ਵਿਧਾਇਕ ਨੇ ਕਿਹਾ ਕਿ ਫੌਜ ਦੀ ਬਹਾਦਰੀ ਦੇ ਸਨਮਾਨ ਲਈ ਸ਼ੁੱਕਰਵਾਰ ਨੂੰ ਤਿਰੰਗਾ ਯਾਤਰਾ ਦਾ ਆਯੋਜਨ ਕੀਤਾ ਜਾ ਰਿਹਾ ਹੈ। ਤਿਰੰਗਾ ਯਾਤਰਾ ਹਰ ਵਾਰਡ ਤੋਂ ਕੱਢੀ ਜਾਵੇਗੀ ਅਤੇ ਇਹ ਰਾਮਲੀਲਾ ਮੈਦਾਨ ਵਿੱਚ ਸ਼ਾਮ 5 ਵਜੇ ਸਮਾਪਤ ਹੋਵੇਗੀ। ਇਸ ਮੌਕੇ 'ਤੇ ਕੇਂਦਰੀ ਮੰਤਰੀ ਮਨੋਹਰ ਲਾਲ ਸਮੇਤ ਆਮ ਜਨਤਾ ਅਤੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਵੀ ਮੌਜੂਦ ਰਹਿਣਗੇ। ਕਰਨਾਲ ਨਗਰ ਨਿਗਮ ਦੀ ਮੇਅਰ ਰੇਣੂ ਬਾਲਾ ਗੁਪਤਾ ਨੇ ਕਿਹਾ ਕਿ ਵੀਰਵਾਰ ਨੂੰ ਵੱਖ-ਵੱਖ ਵਾਰਡਾਂ ਵਿੱਚ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਿਆ ਗਿਆ। ਉਨ੍ਹਾਂ ਕਿਹਾ ਕਿ ਕਰਨਾਲ ਦਾ ਵਿਕਾਸ ਮੇਰੀ ਪਹਿਲੀ ਤਰਜੀਹ ਹੈ, ਕਰਨਾਲ ਦੇ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਅਤੇ ਕਰਨਾਲ ਦੇ ਵਿਧਾਇਕ ਜਗਮੋਹਨ ਆਨੰਦ ਦੇ ਸਹਿਯੋਗ ਨਾਲ ਵਿਕਾਸ ਕਾਰਜ ਲਗਾਤਾਰ ਕੀਤੇ ਜਾ ਰਹੇ ਹਨ। ਇਸ ਲਈ ਕਰਨਾਲ ਨਗਰ ਨਿਗਮ ਵਿੱਚ ਵਿਕਾਸ ਲਈ 400 ਕਰੋੜ ਰੁਪਏ ਦੇ ਬਜਟ ਦਾ ਪ੍ਰਬੰਧ ਕੀਤਾ ਗਿਆ ਹੈ। ਮੇਅਰ ਨੇ ਕਿਹਾ ਕਿ ਜਨਤਾ ਨੇ ਤੀਜੀ ਵਾਰ ਭਾਜਪਾ ਵਿੱਚ ਵਿਸ਼ਵਾਸ ਪ੍ਰਗਟ ਕੀਤਾ ਹੈ ਅਤੇ ਜਨਤਾ ਦੇ ਆਸ਼ੀਰਵਾਦ ਨਾਲ ਉਹ ਤੀਜੀ ਵਾਰ ਕਰਨਾਲ ਦੀ ਮੇਅਰ ਬਣੀ ਹੈ, ਇਸ ਲਈ ਇਹ ਉਨ੍ਹਾਂ ਦਾ ਫਰਜ਼ ਹੈ ਕਿ ਜਨਤਾ ਨੂੰ ਹਰ ਵਿਕਾਸ ਕਾਰਜ ਦੀ ਜਾਣਕਾਰੀ ਹੋਵੇ। ਵੀਰਵਾਰ ਨੂੰ ਕੀਤੇ ਗਏ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਵਿੱਚ ਗਲੀਆਂ ਦੀ ਉਸਾਰੀ, ਗਲੀ ਵਿਆਹ ਜ਼ੋਨ, ਪਾਈਪਲਾਈਨਾਂ ਦੀ ਸਫਾਈ, ਮੈਨਹੋਲਾਂ ਦੀ ਦੇਖਭਾਲ, ਪਖਾਨਿਆਂ ਦੀ ਉਸਾਰੀ, ਪਾਣੀ ਦੀਆਂ ਪਾਈਪਲਾਈਨਾਂ ਆਦਿ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਹ ਸਾਰਾ ਕੰਮ 2 ਮਹੀਨਿਆਂ ਦੇ ਅੰਦਰ ਪੂਰਾ ਕਰ ਲਿਆ ਜਾਵੇਗਾ। ਇਸ ਮੌਕੇ ਵਾਰਡ ਨੰਬਰ 12 ਦੀ ਕੌਂਸਲਰ ਮੋਨਿਕਾ ਗਰਗ, ਵਾਰਡ ਨੰਬਰ 3 ਦੇ ਕੌਂਸਲਰ ਪਰਮਜੀਤ ਸਿੰਘ ਲਾਠਰ, ਵਾਰਡ ਨੰਬਰ 4 ਦੇ ਕੌਂਸਲਰ ਭੂਪੇਂਦਰ ਨੌਟਾਨਾ, ਵਾਰਡ ਨੰਬਰ 20 ਦੇ ਕੌਂਸਲਰ ਸੁਧੀਰ ਯਾਦਵ, ਵਾਰਡ ਨੰਬਰ 19 ਦੇ ਕੌਂਸਲਰ ਰਾਜੇਸ਼ ਅਗੜੀ, ਵਾਰਡ ਨੰਬਰ 7 ਦੇ ਕੌਂਸਲਰ ਜੋਗਿੰਦਰ ਸ਼ਰਮਾ, ਮੰਡਲ ਪ੍ਰਧਾਨ ਅਮਰੇਸ਼ ਕੁਮਾਰ, ਅਮਰੇਸ਼ ਠਾਕੁਰ, ਬਾਂਦਰਾ ਦੇ ਪ੍ਰਧਾਨ ਨਵੀਤ ਸਿੰਘ ਸ. ਅਤੇ ਹੋਰ ਕਈ ਪਤਵੰਤੇ ਹਾਜ਼ਰ ਸਨ।

# ਵਿਧਾਇਕ ਜਗਮੋਹਨ ਆਨੰਦ ਅਤੇ ਮੇਅਰ ਰੇਣੂ ਬਾਲਾ ਗੁਪਤਾ ਨੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦੀਆਂ 10ਵੀਂ ਅਤੇ 12ਵੀਂ ਜਮਾਤ ਦੀਆਂ ਹੋਣਹਾਰ ਵਿਦਿਆਰਥਣਾਂ ਨੂੰ ਸਨਮਾਨਿਤ ਕੀਤਾ



ਕਰਨਾਲ,, 15 ਮਈ (ਪ੍ਰਤੀਨਿਧੀ) : ਕਰਨਾਲ ਦੇ ਵਿਧਾਇਕ ਜਗਮੋਹਨ ਆਨੰਦ ਅਤੇ ਮੇਅਰ ਰੇਣੂ ਬਾਲਾ ਗੁਪਤਾ ਨੇ ਵੀਰਵਾਰ ਨੂੰ ਰੇਲਵੇ ਰੋਡ 'ਤੇ ਸਥਿਤ ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਵਿਖੇ 10ਵੀਂ ਅਤੇ 12ਵੀਂ ਜਮਾਤ ਦੀਆਂ 34 ਹੋਣਹਾਰ ਵਿਦਿਆਰਥਣਾਂ ਨੂੰ ਮੈਡਲ, ਪੈੱਨ ਸੈੱਟ ਅਤੇ ਜਿਓਮੈਟਰੀ ਬਾਕਸ ਦੇ ਕੇ ਸਨਮਾਨਿਤ ਕੀਤਾ। ਇਨ੍ਹਾਂ ਵਿੱਚ 10ਵੀਂ ਜਮਾਤ ਦੇ 12 ਅਤੇ 12ਵੀਂ ਜਮਾਤ ਦੇ 22 ਵਿਦਿਆਰਥੀ ਸ਼ਾਮਲ ਸਨ। ਇਸ ਮੌਕੇ ਸਾਬਕਾ ਕਾਰਜਕਾਰੀ ਜ਼ਿਲ੍ਹਾ ਪ੍ਰਧਾਨ ਬ੍ਰਿਜ ਗੁਪਤਾ, ਵਾਰਡ 8 ਦੇ ਕੌਂਸਲਰ ਸੰਕਲਪ ਭੰਡਾਰੀ, ਸਕੂਲ ਪ੍ਰਿੰਸੀਪਲ ਮਹਿੰਦਰ ਸਿੰਘ, ਅਧਿਆਪਕ ਅਤੇ ਵਿਦਿਆਰਥੀ ਮੌਜੂਦ ਸਨ। ਇਸ ਮੌਕੇ ਵਿਧਾਇਕ ਜਗਮੋਹਨ ਆਨੰਦ ਨੇ ਹੋਣਹਾਰ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸ਼ੁਭਕਾਮਨਾਵਾਂ ਭੇਜਦੇ ਹੋਏ ਕਿਹਾ ਕਿ ਬੱਚੇ ਸਾਡੇ ਭਵਿੱਖ ਦੀ ਨੀਂਹ ਹਨ, ਨੀਂਹ ਜਿੰਨੀ ਮਜ਼ਬੂਤ ??ਹੋਵੇਗੀ, ਸਾਡੇ ਦੇਸ਼ ਦੀਆਂ ਜੜ੍ਹਾਂ ਓਨੀਆਂ ਹੀ ਡੂੰਘੀਆਂ ਅਤੇ ਮਜ਼ਬੂਤ ਹੋਣਗੀਆਂ।

ਉਨ੍ਹਾਂ ਕਿਹਾ ਕਿ ਵਿਦਿਆਰਥਣਾਂ ਨੇ ਆਪਣੀ ਸਖ਼ਤ ਮਿਹਨਤ, ਅਨੁਸ਼ਾਸਿਤ ਰੁਟੀਨ ਅਤੇ ਆਪਣੇ ਮਾਪਿਆਂ ਅਤੇ ਅਧਿਆਪਕਾਂ ਦੇ ਮਾਰਗਦਰਸ਼ਨ ਰਾਹੀਂ ਸਕੂਲ ਦੇ ਨਾਲ-ਨਾਲ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਗਰੀਬ ਅਤੇ ਆਮ ਪਰਿਵਾਰਾਂ ਦੇ ਬੱਚੇ ਅੱਗੇ ਵਧਦੇ ਹਨ, ਤਾਂ ਉਨ੍ਹਾਂ ਨੂੰ ਬਹੁਤ ਖੁਸ਼ੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਸਾਡੇ ਜੀਵਨ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਇਹ ਸਾਨੂੰ ਗਿਆਨ, ਹੁਨਰ ਅਤੇ ਸਮਝ ਪ੍ਰਦਾਨ ਕਰਦਾ ਹੈ, ਜੋ ਸਾਨੂੰ ਜ਼ਿੰਦਗੀ ਵਿੱਚ ਸਫਲ ਹੋਣ ਵਿੱਚ ਮਦਦ ਕਰਦਾ ਹੈ। ਸਿੱਖਿਆ ਸਾਨੂੰ ਬਿਹਤਰ ਜ਼ਿੰਦਗੀ ਜਿਉਣ ਵਿੱਚ ਮਦਦ ਕਰਦੀ ਹੈ। ਇਹ ਸਾਨੂੰ ਵਿੱਤੀ ਤੌਰ 'ਤੇ ਸੁਤੰਤਰ ਬਣਾਉਂਦਾ ਹੈ ਅਤੇ ਇੱਕ ਬਿਹਤਰ ਸਮਾਜ ਬਣਾਉਣ ਵਿੱਚ ਸਾਡੀ ਮਦਦ ਕਰਦਾ ਹੈ।

ਉਨ੍ਹਾਂ ਨੇ ਹੋਰ ਵਿਦਿਆਰਥੀਆਂ ਨੂੰ ਵੀ ਸਖ਼ਤ ਮਿਹਨਤ ਕਰਨ ਅਤੇ ਚੰਗੇ ਅੰਕ ਪ੍ਰਾਪਤ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਦੇਸ਼ ਦੇ ਮਾਣਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦਿੱਤਾ ਗਿਆ 'ਬੇਟੀ ਬਚਾਓ-ਬੇਟੀ ਪੜ੍ਹਾਓ' ਦਾ ਨਾਅਰਾ ਸਫਲਤਾ ਵੱਲ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਦੀ ਅਗਵਾਈ ਹੇਠ ਸਿੱਖਿਆ ਮੰਤਰੀ ਮਹੀਪਾਲ ਢਾਂਡਾ ਬਿਹਤਰ ਨੀਤੀਆਂ ਬਣਾਉਣ 'ਤੇ ਕੰਮ ਕਰ ਰਹੇ ਹਨ ਤਾਂ ਜੋ ਵਿਦਿਆਰਥੀਆਂ ਨੂੰ ਚੰਗੀ ਸਿੱਖਿਆ ਪ੍ਰਦਾਨ ਕੀਤੀ ਜਾ ਸਕੇ। ਇਸ ਤੋਂ ਇਲਾਵਾ, ਰਾਜ ਦੇ ਹਰ ਸਕੂਲ ਵਿੱਚ ਸਹੂਲਤਾਂ ਨੂੰ ਉਤਸ਼ਾਹਿਤ ਕਰਨ ਅਤੇ ਅਪਗ੍ਰੇਡ ਕਰਨ ਲਈ ਕੰਮ ਕੀਤਾ ਜਾ ਰਿਹਾ ਹੈ।

ਇਸ ਮੌਕੇ ਮੇਅਰ ਰੇਣੂ ਬਾਲਾ ਗੁਪਤਾ ਨੇ ਸਭ ਤੋਂ ਵਧੀਆ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਸਕੂਲ ਸਟਾਫ਼ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਸਿੱਖਿਆ ਦਾ ਸਾਡੇ ਜੀਵਨ ਵਿੱਚ ਬਹੁਤ ਮਹੱਤਵ ਹੈ। ਸਿੱਖਿਆ ਨਾ ਸਿਰਫ਼ ਕਿਸੇ ਵਿਅਕਤੀ ਦੇ ਮਾਨਸਿਕ ਅਤੇ ਬੌਧਿਕ ਵਿਕਾਸ ਨੂੰ ਵਧਾਉਂਦੀ ਹੈ, ਸਗੋਂ ਸਮਾਜ ਅਤੇ ਰਾਸ਼ਟਰ ਦੀ ਤਰੱਕੀ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਦਾ ਸ਼ਾਬਦਿਕ ਅਰਥ ਗਿਆਨ ਦਾ ਫੈਲਾਅ ਹੈ। ਉਨ੍ਹਾਂ ਕਿਹਾ ਕਿ ਸਾਡੀਆਂ ਧੀਆਂ ਵਾਅਦਾ ਕਰਨ ਵਾਲੀਆਂ ਹਨ, ਉਨ੍ਹਾਂ ਨੇ ਸਬ ਪੜ੍ਹੇ, ਸਬ ਵਧੇ ਦਾ ਨਾਅਰਾ ਵੀ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਸਾਰੇ ਵਿਦਿਆਰਥੀ ਇੱਕ ਟੀਚਾ ਰੱਖ ਕੇ ਪੜ੍ਹਾਈ ਕਰਨ ਤਾਂ ਉਹ ਜ਼ਰੂਰ ਸਫਲਤਾ ਪ੍ਰਾਪਤ ਕਰਨਗੇ। ਉਨ੍ਹਾਂ ਕਿਹਾ ਕਿ ਤੁਹਾਨੂੰ ਸਾਰਿਆਂ ਨੂੰ ਸਫਲ ਬਣਨਾ ਚਾਹੀਦਾ ਹੈ ਅਤੇ ਮਹਿਲਾ ਸਸ਼ਕਤੀਕਰਨ ਦੀ ਇੱਕ ਉਦਾਹਰਣ ਬਣਨਾ ਚਾਹੀਦਾ ਹੈ ਅਤੇ ਆਪਣੇ ਮਾਪਿਆਂ, ਸਮਾਜ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨਾ ਚਾਹੀਦਾ ਹੈ। ਇਸ ਮੌਕੇ ਪ੍ਰਿੰਸੀਪਲ ਮਹਿੰਦਰ ਸਿੰਘ ਨੇ ਸਕੂਲ ਦੇ 10ਵੀਂ ਅਤੇ 12ਵੀਂ ਦੇ ਨਤੀਜਿਆਂ ਬਾਰੇ ਜਾਣਕਾਰੀ ਦਿੱਤੀ। ਉਸਨੇ ਦੱਸਿਆ ਕਿ ਇਹ ਸਕੂਲ ਸੀਬੀਐਸਈ ਬੋਰਡ ਦਾ ਹੈ। ਉਨ੍ਹਾਂ ਦੱਸਿਆ ਕਿ ਦਸਵੀਂ ਜਮਾਤ ਦਾ ਨਤੀਜਾ 100 ਪ੍ਰਤੀਸ਼ਤ ਅਤੇ ਬਾਰ੍ਹਵੀਂ ਜਮਾਤ ਦਾ ਨਤੀਜਾ 98 ਪ੍ਰਤੀਸ਼ਤ ਰਿਹਾ। ਇਸ ਲਈ ਉਨ੍ਹਾਂ ਨੇ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ।

# 'ਅਖੰਡ-ਪ੍ਰਚੰਡ ਪੁਰਸ਼ਾਰਥ ਆਚਾਰਿਆਕੁਲਮ ਦੇ ਵਿਦਿਆਰਥੀਆਂ ਦਾ ਸੁਭਾਅ ਹੈ' : ਸਵਾਮੀ ਜੀ ਮਹਾਰਾਜ



ਨਵੀਂ ਦਿੱਲੀ 15 ਮਈ (ਅੰਮ੍ਰਿਤਪਾਲ ਸਿੰਘ) ਸਥਾਨਕ ਹਾਈ ਸਕੂਲ ਅਤੇ ਇੰਟਰਮੀਡੀਏਟ ਪ੍ਰੀਖਿਆਵਾਂ ਦੇ 100% ਨਤੀਜੇ ਐਲਾਨੇ ਜਾਣ ਤੋਂ ਬਾਅਦ, ਸਭ ਤੋਂ ਸਤਿਕਾਰਯੋਗ ਸਵਾਮੀ ਰਾਮਦੇਵ ਜੀ ਮਹਾਰਾਜ ਅਤੇ ਸਭ ਤੋਂ ਸਤਿਕਾਰਯੋਗ ਆਚਾਰੀਆਸ਼੍ਰੀ ਬਾਲਕ੍ਰਿਸ਼ਨ ਜੀ ਮਹਾਰਾਜ ਦੁਆਰਾ ਸਥਾਪਿਤ ਰਿਹਾਇਸ਼ੀ ਸਕੂਲ, ਆਚਾਰੀਆਕੁਲਮ ਵਿੱਚ ਖੁਸ਼ੀ ਅਤੇ ਖੇੜੇ ਦਾ ਮਾਹੌਲ ਹੈ। ਪਿਛਲੇ ਸਾਲ ਵਾਂਗ, ਆਚਾਰੀਆਕੁਲਮ ਵਿੱਚ ਪੰਜ ਦਿਨਾਂ ਲਈ 'ਪ੍ਰਤਿਭਾ ਅਭਿਨੰਦਨ ਪਰਵ' ਦਾ ਆਯੋਜਨ ਕੀਤਾ ਜਾ ਰਿਹਾ ਹੈ। ਅੱਜ ਪ੍ਰਾਰਥਨਾ ਸਭਾ ਵਿੱਚ, ਹਾਈ ਸਕੂਲ ਦੀ ਪ੍ਰੀਖਿਆ ਵਿੱਚ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਸਨਮਾਨ ਦਿੱਤਾ ਗਿਆ।

ਜ਼ਿਕਰਯੋਗ ਹੈ ਕਿ ਇਸ ਸਾਲ ਹਾਈ ਸਕੂਲ ਵਿੱਚ, ਅਥਰਵ ਨੇ 99.40 ਪ੍ਰਤੀਸ਼ਤ ਅੰਕਾਂ ਨਾਲ ਪਹਿਲਾ ਸਥਾਨ, ਧਰੁਵ ਨੇ 98 ਪ੍ਰਤੀਸ਼ਤ ਅੰਕਾਂ ਨਾਲ ਦੂਜਾ ਸਥਾਨ, ਸਾਨਿਆ ਸੇਜਲ ਨੇ 97.80 ਪ੍ਰਤੀਸ਼ਤ ਅੰਕਾਂ ਨਾਲ ਸਕੂਲ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਸਹਿਜ ਨੇ 97.60% ਅੰਕਾਂ ਨਾਲ ਚੌਥਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਅੰਸ਼ੁਮਨ ਅਤੇ ਕਨ੍ਹਈਆ ਕੁਮਾਰ ਨੇ ਕ੍ਰਮਵਾਰ 97.40% ਅੰਕਾਂ ਨਾਲ ਪੰਜਵਾਂ ਸਥਾਨ ਪ੍ਰਾਪਤ ਕੀਤਾ। ਕੁੱਲ ਮਿਲਾ ਕੇ, ਸਾਰੇ 153 ਵਿਦਿਆਰਥੀ ਪਾਸ ਹੋਏ, ਜਿਸ ਨਾਲ ਸਕੂਲ ਦਾ ਔਸਤਨ 86.30 ਅੰਕ ਰਿਹਾ। 21 ਵਿਦਿਆਰਥੀਆਂ ਨੇ ਪੰਜਾਂ ਵਿਸ਼ਿਆਂ ਵਿੱਚ ਏ-1 ਗ੍ਰੇਡ ਪ੍ਰਾਪਤ ਕੀਤੇ ਜਦੋਂ ਕਿ 43 ਵਿਦਿਆਰਥੀਆਂ ਨੇ ਕਈ ਵਿਸ਼ਿਆਂ ਵਿੱਚ ਸੈਂਚੂਮ ਪ੍ਰਾਪਤ ਕੀਤਾ। 95 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ 25 ਸੀ।

ਇਹ ਧਿਆਨ ਦੇਣ ਯੋਗ ਹੈ ਕਿ ਉਕਤ ਪ੍ਰੀਖਿਆ ਵਿੱਚ, 73 (47.7%) ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਪ੍ਰਾਪਤ ਕੀਤੇ, 44 (28.7%) ਵਿਦਿਆਰਥੀਆਂ ਨੇ 80-90%, 26 (16.9%) ਵਿਦਿਆਰਥੀਆਂ ਨੇ 70-80% ਅਤੇ 07 (04.5%) ਵਿਦਿਆਰਥੀਆਂ ਨੇ 60-70% ਅੰਕ ਪ੍ਰਾਪਤ ਕੀਤੇ।

ਇਸ ਸ਼ੁਭ ਮੌਕੇ 'ਤੇ, ਆਚਾਰੀਆਕੁਲਮ ਪ੍ਰਬੰਧਨ ਕਮੇਟੀ ਦੇ ਉਪ ਪ੍ਰਧਾਨ, ਡਾ. ਰਿਤੰਬਰਾ ਸ਼ਾਸਤਰੀ 'ਬੇਹਨ ਜੀ' ਨੇ ਪ੍ਰਿੰਸੀਪਲ ਸ਼੍ਰੀਮਤੀ ਸਵਾਤੀ ਮੁਨਸ਼ੀ ਜੀ ਦੇ ਨਾਲ, ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਸਮੇਤ ਸਟਾਫ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਆਪਣਾ ਆਸ਼ੀਰਵਾਦ ਦਿੱਤਾ। ਇਸ ਸ਼ੁਭ ਮੌਕੇ 'ਤੇ, ਸਵਾਮੀ ਅਰਜੁਨਦੇਵ ਜੀ, ਵਾਈਸ ਪ੍ਰਿੰਸੀਪਲ ਸ਼੍ਰੀ ਤਪਸ ਕੁਮਾਰ ਬੇਰਾ ਜੀ, ਕੋਆਰਡੀਨੇਟਰ ਸ਼੍ਰੀਮਤੀ ਦੀਪਾ ਜੀ, ਚੀਫ਼ ਹੋਸਟਲ ਸੁਪਰਡੈਂਟ ਅਤੇ ਸਪੋਰਟਸ ਡਾਇਰੈਕਟਰ ਸ਼੍ਰੀ ਅਮਿਤ ਜੀ ਸਮੇਤ ਸਾਰੇ ਅਧਿਆਪਕ, ਸਟਾਫ਼ ਅਤੇ ਵਿਦਿਆਰਥੀ ਮੌਜੂਦ ਸਨ।


ਉੱਤਰ ਰੇਲਵੇ

ਈ-ਨਿਵਿਦਾ (ਈ-ਪ੍ਰੋਕਯੂਰਮੈਂਟ) ਦੇ ਮਾਧਿਅਮ ਨਾਲ ਨਿਵਿਦਾ ਮੰਗ

ਹੇਠਾਂ ਲਿਖਤ ਕੰਮ ਦੇ ਲਈ ਸੀਨੀਅਰ ਮੰਡਲ ਇੰਜੀਨੀਅਰ/ III, ਉੱਤਰ ਰੇਲਵੇ, ਦਿੱਲੀ ਮੰਡਲ ਵਿਚ ਈ-ਟੈਂਡਰ ਦੀ ਮੰਗ।

| | | |
|---|---|---|
| 1 | ਕੰਮ ਦਾ ਨਾਮ | ਸੀਨੀਅਰ ਏਡੀਈਐਨ/ਐਨਡੀਐਲਐਸ ਦੇ ਤਹਿਤ ਐਸਐਸਈ/ਡਬਲਯੂ/ਏਐਨਵੀਟੀ ਅਤੇ ਐਸਐਸਈ/ ਪੀ.ਵੇ/ਐਨਡੀਐਲਐਸ ਦੇ ਐਸ/ਓ ਵਿਚ ਏਐਨਵੀਟੀ ਤੇ ਪਲੇਟਫਾਰਮ ਨੰਬਰ 9 ਅਤੇ 2 ਦਾ ਵਿਸਤਾਰ, ਏਐਨਵੀਟੀ ਤੇ ਵਾਧੂ ਟ੍ਰੇਨਾਂ ਨੂੰ ਸਮਾਯੋਜਿਤ ਕਰਨ ਦੇ ਲਈ ਐਨਡੀਐਲਐਸ ਪਾਸੇ ਦੇ ਵਲ ਸ਼ੰਟਿੰਗ ਨੇਕ ਦੀ ਉਸਾਰੀ, ਏਐਨਵੀਟੀ ਸਟੇਸ਼ਨ ਦੇ ਡੀਐਸਆਈ ਅਤੇ ਜੀਜੇਡਬੀ ਪਾਸੇ ਤੇ ਤੀਜੀ ਅਤੇ ਚੌਥੀ ਲਾਈਨ ਦੇ ਵਿਚ ਕਨੈਕਟਿਵਿਟੀ ਪ੍ਰਦਾਨ ਕਰਨ ਦਾ ਕੰਮ। |
| 2 | ਕੰਮ ਦੀ ਅੰਦਾਜ਼ਨ ਲਾਗਤ (ਰੁਪਏ) | ₹ 1,63,45,046.94 (ਰੁਪਏ ਇਕ ਕਰੋੜ ਤਰੇਠ ਲਖ ਪੈਂਤਾਲੀ ਹਜਾਰ ਛਿਆਲੀ ਅਤੇ ਚੌਰਾਨਵੇ ਪੈਸੇ ਕੇਵਲ) |
| 3 | ਬਿਆਨਾ ਰਾਸ਼ੀ (ਰੁਪਏ) | ₹ 2,31,700/- (ਰੁਪਏ ਦੋ ਲਖ ਇਕੱਤੀ ਹਜਾਰ ਸਤ ਸੋ ਕੇਵਲ) |
| 4 | ਨਿਵਿਦਾ ਫਾਰਮ ਦਾ ਮੁਲ (ਰੁਪਏ) | Rs. 0.00 |
| 5 | ਨਿਵਿਦਾ ਬੋਲੀ ਪੇਸ਼ ਕਰਨ ਅਤੇ ਟੈਂਡਰ ਖੋਲਣ ਦੀ ਮਿਤੀ ਅਤੇ ਸਮਾਂ | 04.06.2025 ਨੂੰ 15:00 ਤਕ । |
| 6 | ਵੈਬਸਾਈਟ ਵੇਰਵਾ ਜਿਥੋਂ ਨਿਵਿਦਾ ਦਸਤਾਵੇਜਾਂ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ। | ਨਿਵਿਦਾ www.ireps.gov.in ਵੈਬਸਾਈਟ ਉੱਤੇ ਉਪਲਬਧ ਹੈ। |
| 7 | ਅਲੋਕੇਸ਼ਨ | 20164103 |

• ਠੇਕੇਦਾਰਾਂ ਨੂੰ ਈ-ਟੈਂਡਰ ਪ੍ਰਣਾਲੀ ਵਿਚ ਭਾਗ ਲੈਣ ਦੇ ਲਈ ਭਾਰਤੀਯ ਰੇਲਵੇ ਈ-ਪ੍ਰੋਕਯੋਰਮੈਂਟ ਸਿਸਟਮ) (IREPS) ਸਾਈਟ ਯਾਨੀ www.ireps.gov.in ਦੇ ਤਹਿਤ ਰਜਿਸਟਰਡ ਹੋਣਾ ਚਾਹੀਦਾ। • ਸਾਰੇ ਨਿਯਮਾਂ ਅਤੇ ਸ਼ਰਤਾਂ ਦੇ ਲਈ ਕਿਰਪਾ ਟੈਂਡਰ ਦਸਤਾਵੇਜ ਦੇਖੋ। • ਮੈਨੂਅਲ ਟੈਂਡਰ ਸਵੀਕ੍ਰਿਤ ਨਹੀਂ ਕੀਤੇ ਜਾਣਗੇ। • ਟੈਂਡਰ ਦਸਤਾਵੇਜ ਅਤੇ ਬਿਆਨਾ ਦੀ ਲਾਗਤ ਕੇਵਲ ਨੈਟ ਬੈਂਕਿੰਗ ਜਾਂ ਭੁਗਤਾਨ ਗੇਟਵੇ ਦੇ ਮਾਧਿਅਮ ਨਾਲ ਸਵੀਕਾਰੀ ਹੋਵੇਗੀ। ਨੰ. :128-W/280/ਈ-ਨਿਵਿਦਾ ਸੂਚਨਾ/06-2025-26/W-3 ਮਿਤੀ: 13.05.2025 1421/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



Printed, Published & Editied by Jaskirat Singh on behalf of Charhdikala Printing Press Pvt. Ltd. Patiala & Printed at I.G. Printers Press Pvt. Ltd., 104 D.S.I.D.C. Complex, Okhla Indl. Area, Phase-1, New Delhi Keeper Jagpal Singh Published at office of Daily Charhdikala 202, INS Bldg, Rafi Marg, New Delhi.
PRGI (RNI) Regd. No. 57283/1994 -Editor: Jaskirat Singh

ਜਸਕੀਰਤ ਸਿੰਘ ਐਡੀਟਰ, ਪ੍ਰਿੰਟਰ, ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਆਈ.ਜੀ. ਪ੍ਰਿੰਟਰਜ਼ ਪ੍ਰੈਸ ਪ੍ਰਾਈਵੇਟ ਲਿਮਟਿਡ 104, ਡੀ.ਐਸ.ਆਈ.ਡੀ.ਸੀ. ਕੰਪਲੈਕਸ, ਔਖਲਾ ਇੰਡਸਟ੍ਰੀਅਲ ਏਰੀਆ, ਫੇਜ਼-1, ਨਵੀਂ ਦਿੱਲੀ ਕੀਪਰ ਜਗਪਾਲ ਸਿੰਘ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ 202, ਆਈ.ਐਨ.ਐਸ. ਬਿਲਡਿੰਗ, ਰਫੀ ਮਾਰਗ, ਨਵੀਂ ਦਿੱਲੀ ਤੋਂ ਪ੍ਰਕਾਸ਼ਿਤ ਕੀਤਾ।
PRGI (RNI) Regd. No. 57283/1994 -ਸੰਪਾਦਕ: ਜਸਕੀਰਤ ਸਿੰਘ


# ਕੁਰਾਨ 'ਚ ਬਹੁ ਵਿਆਹ ਦੀ ਇਜਾਜ਼ਤ ਹੈ ਪਰ ਮਰਦ ਅਪਣੇ ਸੁਆਰਥੀ ਕਾਰਨਾਂ ਕਰ ਕੇ ਇਸਦੀ ਦੁਰਵਰਤੋਂ ਕਰਦੇ ਹਨ

## ਕਿਹਾ, ਮੁਸਲਿਮ ਪੁਰਸ਼ ਨੂੰ ਕਈ ਪਤਨੀਆਂ ਰੱਖਣ ਦੀ ਇਜਾਜ਼ਤ ਹੈ, ਬਸ਼ਰਤੇ ਉਹ ਸਾਰੀਆਂ ਨਾਲ ਬਰਾਬਰ ਵਿਵਹਾਰ ਕਰੇ



ਲਖਨਊ, 15 ਮਈ (ਪ੍ਰਤੀਨਿਧੀ) : ਇਲਾਹਾਬਾਦ ਹਾਈ ਕੋਰਟ ਨੇ ਹਾਲ ਹੀ ਵਿੱਚ ਫ਼ੈਸਲਾ ਸੁਣਾਇਆ ਹੈ ਕਿ ਇੱਕ ਮੁਸਲਿਮ ਪੁਰਸ਼ ਇੱਕ ਤੋਂ ਵੱਧ ਵਾਰ ਵਿਆਹ ਕਰਨ ਦਾ ਹੱਕਦਾਰ ਹੈ, ਬਸ਼ਰਤੇ ਉਹ ਆਪਣੀਆਂ ਸਾਰੀਆਂ ਪਤਨੀਆਂ ਨਾਲ ਬਰਾਬਰ ਵਿਵਹਾਰ ਕਰੇ। ਜਸਟਿਸ ਅਰੁਣ ਕੁਮਾਰ ਸਿੰਘ ਦੇਸਵਾਲ ਦੇ ਸਿੰਗਲ ਬੈਂਚ ਨੇ ਮੁਰਾਦਾਬਾਦ ਵਿੱਚ ਫ਼ੁਰਕਾਨ ਨਾਮ ਦੇ ਇੱਕ ਵਿਅਕਤੀ ਵਿਰੁੱਧ ਦੋਸ਼ਾਂ ਨਾਲ ਸਬੰਧਤ ਪਟੀਸ਼ਨ ਦੀ ਸੁਣਵਾਈ ਦੌਰਾਨ ਇਹ ਟਿੱਪਣੀ ਕੀਤੀ। ਬਾਰ ਐਂਡ ਬੈਂਚ ਵੈੱਬਸਾਈਟ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਦਾਲਤ ਨੇ ਕਿਹਾ ਕਿ ਕੁਰਾਨ ਵਿੱਚ ਬਹੁ-ਵਿਆਹ ਦੀ ਇਜਾਜ਼ਤ 'ਇੱਕ ਜਾਇਜ਼ ਕਾਰਨ ਕਰਕੇ' ਦਿਤੀ ਗਈ ਹੈ ਪਰ ਅਕਸਰ ਮਰਦ 'ਸੁਆਰਥੀ ਕਾਰਨਾਂ ਕਰ ਕੇ' ਇਸਦੀ 'ਦੁਰਵਰਤੋਂ' ਕਰਦੇ ਹਨ।

ਬਾਰ ਐਂਡ ਬੈਂਚ ਦੀ ਰਿਪੋਰਟ ਦੇ ਅਨੁਸਾਰ, ਫ਼ੈਸਲੇ ਵਿੱਚ ਕਿਹਾ ਗਿਆ ਹੈ, "ਇਹ ਅਦਾਲਤ ਅੱਗੇ ਇਹ ਵੀ ਦੇਖੇਗੀ ਕਿ ਭਾਰਤ ਦੇ ਸੰਵਿਧਾਨ ਦੀ ਧਾਰਾ 25 ਵਿਅਕਤੀ ਦੇ ਬਾਹਰੀ ਦ੍ਰਿਸ਼ਟੀਗਤ ਕਾਰਜ ਦੁਆਰਾ ਕਿਸੇ ਵੀ ਧਾਰਮਿਕ ਵਿਸ਼ਵਾਸ ਨੂੰ ਮੰਨਣ, ਅਭਿਆਸ ਕਰਨ ਅਤੇ ਪ੍ਰਚਾਰ ਕਰਨ ਦੀ ਆਜ਼ਾਦੀ ਪ੍ਰਦਾਨ ਕਰਦੀ ਹੈ, ਪਰ ਇਹ ਅਧਿਕਾਰ ਜਨਤਕ ਵਿਵਸਥਾ, ਨੈਤਿਕਤਾ ਅਤੇ ਸਿਹਤ ਅਤੇ ਸੰਵਿਧਾਨ ਦੇ ਭਾਗ-ਤੀਜੇ ਦੇ ਹੋਰ ਉਪਬੰਧਾਂ ਦੇ ਅਧੀਨ ਹੈ। ਇਸ ਲਈ, ਧਾਰਾ 25 ਦੇ ਤਹਿਤ ਧਾਰਮਿਕ ਆਜ਼ਾਦੀ ਅਪ੍ਰਬੰਧਿਤ ਨਹੀਂ ਹੈ ਅਤੇ ਰਾਜ ਦੁਆਰਾ ਨਿਯੰਤ੍ਰਿਤ ਕੀਤੀ ਜਾ ਸਕਦੀ ਹੈ।"

ਬੈਂਚ ਨੇ ਸਮਝਾਇਆ ਕਿ ਵਿਧਵਾਵਾਂ ਅਤੇ ਅਨਾਥਾਂ ਦੀ ਰੱਖਿਆ ਲਈ ਸ਼ੁਰੂਆਤੀ ਇਸਲਾਮੀ ਭਾਈਚਾਰੇ ਵਿੱਚ ਬਹੁ-ਵਿਆਹ ਦੀ ਇਤਿਹਾਸਕ ਤੌਰ 'ਤੇ ਇਜਾਜ਼ਤ ਸੀ।" ਇਤਿਹਾਸ ਵਿੱਚ ਇੱਕ ਸਮਾਂ ਸੀ ਜਦੋਂ ਅਰਬਾਂ ਵਿੱਚ ਮੁੱਢਲੇ ਕਬਾਇਲੀ ਝਗੜਿਆਂ ਨੇ ਵੱਡੀ ਗਿਣਤੀ ਵਿੱਚ ਔਰਤਾਂ ਵਿਧਵਾ ਅਤੇ ਬੱਚੇ ਅਨਾਥ ਕਰ ਦਿੱਤੇ ਸਨ। ਮਦੀਨਾ ਵਿੱਚ ਨਵੇਂ ਜਨਮੇ ਇਸਲਾਮੀ ਭਾਈਚਾਰੇ ਦੀ ਰੱਖਿਆ ਵਿੱਚ ਮੁਸਲਮਾਨਾਂ ਨੂੰ ਭਾਰੀ ਨੁਕਸਾਨ ਝੱਲਣਾ ਪਿਆ।" ਇਸ ਵਿੱਚ ਕਿਹਾ ਗਿਆ ਕਿ, "ਇਹ ਅਜਿਹੇ ਹਾਲਾਤਾਂ ਵਿੱਚ ਹੀ ਕੁਰਾਨ ਨੇ ਅਨਾਥਾਂ ਅਤੇ ਉਨ੍ਹਾਂ ਦੀਆਂ ਮਾਵਾਂ ਨੂੰ ਸ਼ੋਸ਼ਣ ਤੋਂ ਬਚਾਉਣ ਲਈ ਸ਼ਰਤਬੱਧ ਬਹੁ-ਵਿਆਹ ਦੀ ਆਗਿਆ ਦਿੱਤੀ ਹੈ"।

ਇਹ ਮਾਮਲਾ 2020 ਦੀ ਇੱਕ ਸ਼ਿਕਾਇਤ ਨਾਲ ਸਬੰਧਤ ਹੈ ਜਿਸ 'ਚ ਫ਼ੁਰਕਾਨ 'ਤੇ ਦੋਸ਼ ਲਗਾਇਆ ਕਿ ਉਸਨੇ ਉਸਨੂੰ ਇਹ ਦੱਸੇ ਬਿਨਾਂ ਕਿ ਉਸ ਦੀ ਦੂਜੀ ਪਤਨੀ ਵੀ ਹੈ ਉਸ ਨਾਲ ਵਿਆਹ ਕਰਵਾਇਆ। ਉਸਨੇ ਵਿਆਹ ਦੌਰਾਨ ਬਲਾਤਕਾਰ ਦਾ ਵੀ ਦੋਸ਼ ਲਗਾਇਆ। ਪੁਲਿਸ ਨੇ ਫ਼ੁਰਕਾਨ ਅਤੇ ਦੋ ਹੋਰਾਂ ਨੂੰ ਸੰਮਨ ਜਾਰੀ ਕੀਤੇ। ਇਹ ਮਾਮਲਾ ਉਦੋਂ ਸ਼ੁਰੂ ਹੋਇਆ ਜਦੋਂ ਇੱਕ ਔਰਤ ਨੇ ਕਿਹਾ ਕਿ ਫ਼ੁਰਕਾਨ ਨੇ ਉਸਨੂੰ ਇਹ ਨਹੀਂ ਦੱਸਿਆ ਕਿ ਜਦੋਂ ਉਨ੍ਹਾਂ ਨੇ ਵਿਆਹ ਕੀਤਾ ਸੀ ਤਾਂ ਉਹ ਪਹਿਲਾਂ ਹੀ ਵਿਆਹਿਆ ਹੋਇਆ ਸੀ। ਫ਼ੁਰਕਾਨ ਦੇ ਵਕੀਲ ਨੇ ਦਲੀਲ ਦਿੱਤੀ ਕਿ ਮੁਸਲਿਮ ਕਾਨੂੰਨ ਇੱਕ ਆਦਮੀ ਨੂੰ ਚਾਰ ਪਤਨੀਆਂ ਰੱਖਣ ਦੀ ਆਗਿਆ ਦਿੰਦਾ ਹੈ।

ਅਦਾਲਤ ਨੇ ਫ਼ੈਸਲਾ ਸੁਣਾਇਆ ਕਿ ਦੋ-ਵਿਆਹ ਅਤੇ ਬਲਾਤਕਾਰ ਦੇ ਦੋਸ਼ ਲਾਗੂ ਨਹੀਂ ਹੁੰਦੇ, ਕਿਉਂਕਿ ਵਿਆਹ ਜਾਇਜ਼ ਹੈ। ਇਸ ਵਿੱਚ ਕਿਹਾ ਗਿਆ ਕਿ ਮਾਮਲੇ ਦੀ ਹੋਰ ਜਾਂਚ ਦੀ ਲੋੜ ਹੈ ਅਤੇ ਸ਼ਿਕਾਇਤਕਰਤਾ ਨੂੰ ਨੋਟਿਸ ਜਾਰੀ ਕੀਤਾ ਗਿਆ। ਇਸ ਦੌਰਾਨ, ਪੁਲਿਸ ਨੂੰ ਫ਼ੁਰਕਾਨ ਜਾਂ ਹੋਰ ਮੁਲਜ਼ਮਾਂ ਵਿਰੁੱਧ ਕੋਈ ਜ਼ਬਰਦਸਤੀ ਕਾਰਵਾਈ ਨਾ ਕਰਨ ਦਾ ਹੁਕਮ ਦਿੱਤਾ ਗਿਆ ਸੀ। ਫ਼ੁਰਕਾਨ ਦੀ ਨੁਮਾਇੰਦਗੀ ਵਕੀਲ ਅਲੋਕ ਕੁਮਾਰ ਪਾਂਡੇ, ਪ੍ਰਸ਼ਾਂਤ ਕੁਮਾਰ ਅਤੇ ਸੁਸ਼ੀਲ ਕੁਮਾਰ ਪਾਂਡੇ ਨੇ ਕੀਤੀ।

# ਟੇਪ ਨਾਲ ਚਿਪਕਾਈ ਸੀ Met Gala ਦੀ ਹੀਲਸ

ਹਾਲੀਵੁੱਡ ਅਦਾਕਾਰਾ ਕਾਇਲੀ ਜੇਨਰ ਮੇਟ ਗਾਲਾ 2025 ਦੇ ਰੈੱਡ ਕਾਰਪੇਟ 'ਤੇ ਸ਼ਾਮਲ ਹੋਣ ਤੋਂ ਬਾਅਦ ਸੁਰਖੀਆਂ ਵਿੱਚ ਹੈ। ਜਿੱਥੇ ਉਨ੍ਹਾਂ ਨੇ ਮੇਟ ਗਾਲਾ ਵਿੱਚ ਆਪਣੇ ਸ਼ਾਨਦਾਰ ਅਤੇ ਬੋਲਡ ਫੈਸ਼ਨ ਸਟੇਟਮੈਂਟ ਨਾਲ ਆਪਣੇ ਪ੍ਰਸ਼ੰਸਕਾਂ ਨੂੰ ਪ੍ਰਭਾਵਿਤ ਕੀਤਾ, ਉੱਥੇ ਹੀ ਇਸ ਪਰਫੈਕਟ ਲੁੱਕ ਦੇ ਪਿੱਛੇ ਉਨ੍ਹਾਂ ਨੂੰ ਕਾਫੀ ਦਰਦ ਸਹਿਣਾ ਪਿਆ, ਖਾਸ ਕਰਕੇ ਹੀਲਜ਼ ਦੇ ਕਾਰਨ। ਹਾਲ ਹੀ ਵਿੱਚ ਉਨ੍ਹਾਂ ਦਾ ਇੱਕ ਵੀਡੀਓ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਕਾਇਲੀ ਬਹੁਤ ਪਰੇਸ਼ਾਨ ਦਿਖਾਈ ਦੇ ਰਹੀ ਹੈ।ਮੇਟ ਗਾਲਾ ਤੋਂ ਬਾਅਦ, ਕਾਇਲੀ ਜੇਨਰ ਨੇ ਆਪਣੇ ਇੰਸਟਾਗ੍ਰਾਮ 'ਤੇ ਇੱਕ ਵੀਡੀਓ ਸਾਂਝਾ ਕੀਤਾ ਜਿਸ ਵਿੱਚ ਉਹ ਆਪਣੀ ਹਾਈ-ਐਂਡ ਹੀਲਸ 'ਚੋਂ ਆਪਣੇ ਪੈਰ ਕੱਢਣ ਦੀ ਕੋਸ਼ਿਸ਼ ਕਰਦੀ ਦਿਖਾਈ ਦੇ ਰਹੀ ਹੈ। ਵੀਡੀਓ ਵਿੱਚ ਸਾਫ਼ ਦਿਖਾਈ ਦੇ ਰਿਹਾ ਹੈ ਕਿ ਕਾਇਲੀ ਦੇ ਪੈਰ ਹੀਲਸ ਵਿੱਚ ਬੁਰੀ ਤਰ੍ਹਾਂ ਫਸ ਗਏ ਸਨ ਅਤੇ ਉਨ੍ਹਾਂ ਨੂੰ ਕੱਢਣਾ ਆਸਾਨ ਨਹੀਂ ਸੀ। ਕਾਇਲੀ ਦੀ ਟੀਮ ਫਸੀ ਹੋਏ ਪੈਰ ਨੂੰ ਰਾਹਤ ਦੇਣ ਲਈ ਪਾਣੀ ਦੇ ਸਪਰੇਅ ਦੀ ਵਰਤੋਂ ਕਰ ਰਹੀ ਸੀ। ਇਸ ਦੌਰਾਨ ਕਾਇਲੀ ਦਰਦ ਨਾਲ ਕੁਰਲਾ ਰਹੀ ਸੀ।ਕਾਇਲੀ ਨੇ ਵੀਡੀਓ ਵਿੱਚ ਖੁਲਾਸਾ ਕੀਤਾ ਕਿ ਉਨ੍ਹਾਂ ਦੇ ਡਿਜ਼ਾਈਨਰ ਮੈਕਸ ਨੇ ਉਸਨੂੰ ਆਪਣੇ ਪੈਰਾਂ ਨੂੰ ਹੀਲਸ 'ਚ ਟੇਪ ਕਰਨ ਦੀ ਸਲਾਹ ਦਿੱਤੀ ਸੀ ਤਾਂ ਜੋ ਪਰਫੈਕਟ ਫਿਟਿੰਗ ਮਿਲ ਸਕੇ। ਪਰ ਇਸ ਸਲਾਹ ਦੇ ਨਤੀਜੇ ਵਜੋਂ ਉਸਦੇ ਪੈਰ ਹੀਲਸ 'ਚ ਹੀ ਚਿਪਕ ਗਏ। ਉਹ ਕਹਿੰਦੀ ਹੈ, ਮੈਕਸ ਨੇ ਮੈਨੂੰ ਇਸਨੂੰ ਟੇਪ ਕਰਨ ਲਈ ਕਿਹਾ... ਹੁਣ ਦੇਖੋ ਕੀ ਹੋ ਗਿਆ!



# ਭਾਰਤੀ ਫੌਜੀਆਂ ਨੂੰ ਅਦਿਤੀ ਰਾਵ ਹੈਦਰੀ ਦਾ ਸਲਾਮ

ਭਾਰਤ ਅਤੇ ਪਾਕਿਸਤਾਨ ਵਿਚਕਾਰ ਚੱਲ ਰਹੇ ਫੌਜੀ ਤਣਾਅ ਦੇ ਵਿਚਕਾਰ ਬਾਲੀਵੁੱਡ ਨੇ ਵੀ ਭਾਰਤੀ ਹਥਿਆਰਬੰਦ ਫੌਜੀਆਂ ਦਾ ਸਮਰਥਨ ਕੀਤਾ ਹੈ। ਇਹ ਸਿਤਾਰੇ ਭਾਰਤ ਦੀ ਰੱਖਿਆ ਲਈ ਫੌਜ ਨੂੰ ਸਲਾਮ ਕਰ ਰਹੇ ਹਨ ਅਤੇ ਉਨ੍ਹਾਂ ਦੀਆਂ ਸੇਵਾਵਾਂ ਅਤੇ ਬਹਾਦਰੀ ਲਈ ਧੰਨਵਾਦ ਪ੍ਰਗਟ ਕਰ ਰਹੇ ਹਨ। ਅਦਿਤੀ ਰਾਓ ਹੈਦਰੀ ਨੇ ਹਾਲ ਹੀ ਵਿੱਚ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਇੱਕ ਨੋਟ ਲਿਖਿਆ ਹੈ।

ਅਦਿਤੀ ਰਾਓ ਹੈਦਰੀ ਨੇ ਲਿਖਿਆ-ਕਿਰਪਾ ਕਰਕੇ ਆਓ ਆਪਾਂ ਸਾਰੇ ਆਪਣੇ ਦੇਸ਼ ਲਈ ਪ੍ਰਾਰਥਨਾ ਕਰੀਏ। ਆਪਣੇ ਬਹਾਦਰ ਫੌਜੀਆਂ ਨੂੰ ਸਲਾਮ ਕਰੀਏ ਅਤੇ ਉਨ੍ਹਾਂ ਲਈ ਪ੍ਰਾਰਥਨਾ ਕਰੀਏ, ਹਰ ਉਸ ਮਾਸੂਮ ਜਾਨ ਲਈ ਜੋ ਖ਼ਤਰੇ ਵਿੱਚ ਹੈ, ਹਰ ਬੇਚੈਨ ਦਿਲ ਲਈ ਜੋ ਚਿੰਤਤ ਹੈ। ਕਿਰਪਾ ਕਰਕੇ ਸ਼ਾਂਤੀ ਲਈ ਪ੍ਰਾਰਥਨਾ ਕਰੀਏ। ਜੈ ਹਿੰਦ।ਹਾਲ ਹੀ ਵਿੱਚ ਜਾਨ੍ਹਵੀ ਕਪੂਰ ਨੇ ਵੀ ਇੰਸਟਾਗ੍ਰਾਮ 'ਤੇ ਇੱਕ ਭਾਵੁਕ ਅਤੇ ਲੰਮਾ ਨੋਟ ਸਾਂਝਾ ਕੀਤਾ, ਜਿਸ ਵਿੱਚ ਉਨ੍ਹਾਂ ਨੇ ਦੇਸ਼ ਵਿੱਚ ਚੱਲ ਰਹੀ ਤਣਾਅਪੂਰਨ ਸਥਿਤੀ ਬਾਰੇ ਆਪਣੀ ਚਿੰਤਾ ਅਤੇ ਬੇਚੈਨੀ ਜ਼ਾਹਰ ਕੀਤੀ। ਉਨ੍ਹਾਂ ਨੇ ਲਿਖਿਆ: ਇਹ ਇੱਕ ਅਜਿਹਾ ਤਣਾਅ ਸੀ ਜੋ ਮੈਂ ਪਹਿਲਾਂ ਕਦੇ ਮਹਿਸੂਸ ਨਹੀਂ ਕੀਤਾ ਸੀ।ਜਦੋਂ ਮੈਂ ਫੁਟੇਜ ਦੇਖੀ ਤਾਂ ਮੈਨੂੰ ਇੰਝ ਲੱਗਾ ਜਿਵੇਂ ਮੈਂ ਕਿਸੇ ਜੰਗੀ ਫਿਲਮ ਦਾ ਹਿੱਸਾ ਹੋਵਾਂ। ਸਭ ਕੁਝ ਅਵਿਸ਼ਵਾਸੀ ਜਿਹਾ ਜਾਪਦਾ ਸੀ।

ਜਾਹਨਵੀ ਨੇ ਅੱਗੇ ਲਿਖਿਆ: ਇਸਨੇ ਮੈਨੂੰ ਉਨ੍ਹਾਂ ਸਾਰੇ ਪਲਾਂ ਦੀ ਯਾਦ ਦਿਵਾਈ ਜਦੋਂ ਅਸੀਂ ਵਿਦੇਸ਼ਾਂ ਵਿੱਚ ਸੁਰੱਖਿਅਤ ਦੂਰੀ ਤੋਂ ਟਕਰਾਅ 'ਤੇ ਟਿੱਪਣੀ ਕਰਦੇ ਸੀ ਅਤੇ ਸ਼ਾਂਤੀ ਦੀ ਉਮੀਦ ਕਰਦੇ ਸੀ ਪਰ ਇਸ ਵਾਰ ਇਹ ਸਭ ਸਾਡੇ ਦਰਵਾਜ਼ੇ 'ਤੇ ਹੈ।





# ਜੰਗ ਰੁਕਦੇ ਹੀ ਬਾਲੀਵੁੱਡ ਨੇ ਲਿਆ ਰਾਹਤ ਦਾ ਸਾਹ

ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਘੱਟ ਕਰਨ ਲਈ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਗੱਲਬਾਤ ਵਿੱਚ ਵਿਚੋਲਗੀ ਕਰਨ ਨਾਲ ਭਾਰਤ ਅਤੇ ਪਾਕਿਸਤਾਨ ਵਿਚਕਾਰ ਗਤੀਰੋਧ ਕੂਟਨੀਤਕ ਖੇਤਰ ਵਿੱਚ ਦਾਖਲ ਹੋ ਗਿਆ ਹੈ। ਇਸ ਦੌਰਾਨ ਬਾਲੀਵੁੱਡ ਸਿਤਾਰਿਆਂ ਨੇ ਰਾਹਤ ਦਾ ਸਾਹ ਲਿਆ ਹੈ ਅਤੇ ਭਾਰਤੀ ਫੌਜ ਨੂੰ ਆਪਣਾ ਸਮਰਥਨ ਦਿੰਦੇ ਹੋਏ ਕਿਹਾ ਹੈ ਕਿ ਉਨ੍ਹਾਂ ਨੂੰ ਸਾਡੇ ਫੌਜੀਆਂ 'ਤੇ ਮਾਣ ਹੈ ਜੋ ਅਣਗਿਣਤ ਭਾਰਤੀਆਂ ਦੀਆਂ ਜਾਨਾਂ ਬਚਾਉਂਦੇ ਹਨ। ਜਾਣੋ ਹਰੇਕ ਕਲਾਕਾਰ ਨੇ ਕੀ ਕਿਹਾ।ਅਦਾਕਾਰਾ ਰਵੀਨਾ ਟੰਡਨ ਨੇ ਆਪਣੇ ਆਈਜੀ ਹੈਂਡਲ 'ਤੇ ਲਿਖਿਆ, ਜੇਕਰ ਇਹ ਸੱਚ ਹੈ, ਤਾਂ ਇਹ ਇੱਕ ਸਵਾਗਤਯੋਗ ਫੈਸਲਾ ਹੈ। #ਸੀਜ਼ਫਾਇਰ। ਹਾਲਾਂਕਿ ਅਦਾਕਾਰਾ ਨੇ ਪਾਕਿਸਤਾਨ ਨੂੰ ਭਾਰਤ ਵਿਰੁੱਧ ਕਿਸੇ ਵੀ ਹੋਰ ਕਾਰਵਾਈ ਵਿਰੁੱਧ ਚੇਤਾਵਨੀ ਵੀ ਦਿੱਤੀ। #IMF ਨੂੰ ਬਿਹਤਰ ਢੰਗ ਨਾਲ ਪਤਾ ਲਗਾਉਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਪੈਸਾ ਕਿੱਥੇ ਜਾਂਦਾ ਹੈ, ਵੱਡੀਆਂ ਸ਼ਕਤੀਆਂ ਨੇ ਆਪਣੇ ਪਿਛਲੇ ਕਰਜ਼ਿਆਂ ਨੂੰ ਚੁਕਾਉਣ ਜਾਂ ਹੋਰ ਗੋਲਾ ਬਾਰੂਦ ਖਰੀਦਣ ਜਾਂ ਕੁਝ ਵੀ ਕਰਨ ਲਈ ਇਸ ਕਰਜ਼ੇ ਨੂੰ ਮਨਜ਼ੂਰੀ ਦਿੱਤੀ ਹੋਵੇਗੀ। ਪਰ ਹੁਣ ਅਤੇ ਕਦੇ ਵੀ ਭਾਰਤ ਨੂੰ ਦੁਬਾਰਾ ਖੂਨ ਨਹੀਂ ਵਹਾਉਣਾ। ਰਵੀਨਾ ਨੇ ਪੋਸਟ ਨੂੰ ਕੈਪਸ਼ਨ ਦਿੱਤੀ, #ਜੰਗਬੰਦੀ ਪਰ ਕੁਝ ਗੱਲਾਂ ਬਿਲਕੁਲ ਸਪੱਸ਼ਟ ਹਨ। ਇੱਕ ਨਾਗਰਿਕ ਹੋਣ ਦੇ ਨਾਤੇ ਮੈਂ ਆਪਣੇ ਦੇਸ਼ ਦਾ ਹਰ ਸੰਭਵ ਤਰੀਕੇ ਨਾਲ ਸਮਰਥਨ ਕਰਾਂਗੀ। #ਮੇਰਾ ਦੇਸ਼ ਮੇਰਾ ਜੀਵਨ #ਭਾਰਤ ਹਮੇਸ਼ਾ ਲਈ ਇਸਨੇ ਸਾਨੂੰ ਦਿਖਾਇਆ ਹੈ ਕਿ ਕੌਣ ਦੋਸਤ ਹੈ ਅਤੇ ਕੌਣ ਨਹੀਂ। ਮੇਰੇ ਦੇਸ਼ ਦਾ ਦੁਸ਼ਮਣ ਮੇਰਾ ਦੁਸ਼ਮਣ ਹੈ।ਇਸ ਦੌਰਾਨ ਅਦਾਕਾਰ ਸੈਫ ਅਲੀ ਖਾਨ ਨੇ ਕਿਹਾ, ਮੈਂ ਪਹਿਲਗਾਮ ਵਿੱਚ ਮਾਸੂਮ ਲੋਕਾਂ ਦੇ ਕਤਲੇਆਮ ਪ੍ਰਤੀ ਆਪਣੀ ਸਰਕਾਰ ਅਤੇ ਉਨ੍ਹਾਂ ਦੇ ਜਵਾਬ ਨਾਲ ਪੂਰੀ ਏਕਤਾ ਅਤੇ ਸਮਰਥਨ ਵਿੱਚ ਖੜ੍ਹਾ ਹਾਂ। ਮੇਰੀਆਂ ਸੰਵੇਦਨਾਵਾਂ ਅਤੇ ਪ੍ਰਾਰਥਨਾਵਾਂ ਸਾਡੀ ਧਰਤੀ 'ਤੇ ਇਸ ਤਾਜ਼ਾ ਅੱਤਵਾਦੀ ਹਮਲੇ ਦੀ ਹਿੰਸਾ ਨਾਲ ਟੁੱਟੇ ਚੁੱਕੇ ਪਰਿਵਾਰਾਂ ਨਾਲ ਹਨ।ਉਨ੍ਹਾਂ ਅੱਗੇ ਕਿਹਾ, ਮੈਂ ਆਪਣੇ ਹਥਿਆਰਬੰਦ ਬਲਾਂ ਦੀ ਬਹਾਦਰੀ ਅਤੇ ਹਿੰਮਤ ਨੂੰ ਸਲਾਮ ਕਰਦਾ ਹਾਂ ਅਤੇ ਸਾਨੂੰ ਸੁਰੱਖਿਅਤ ਰੱਖਣ ਲਈ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਅਸੀਂ ਸਾਰੇ ਅੱਤਵਾਦ ਵਿਰੁੱਧ ਇੱਕਜੁੱਟ ਹੋਈਏ। ਜੈ ਜਵਾਨ, ਜੈ ਹਿੰਦ।

ਅਦਾਕਾਰਾ ਸੋਨਾਲੀ ਬੇਂਦਰੇ ਨੇ ਸਾਡੇ ਹਥਿਆਰਬੰਦ ਬਲਾਂ ਪ੍ਰਤੀ ਆਪਣੀ ਸ਼ੁਕਰਗੁਜ਼ਾਰੀ ਪ੍ਰਗਟ ਕੀਤੀ ਅਤੇ ਲਿਖਿਆ-÷ਸਾਡੀਆਂ ਹਥਿਆਰਬੰਦ ਬਲਾਂ ਦੀ ਸ਼ਾਨ ਅਤੇ ਮਾਣ ਨੂੰ ਕਦੇ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਹ ਇਸ ਦੇਸ਼ ਦੇ ਹਰ ਕਿਸੇ ਲਈ ਆਪਣੀ ਜਾਨ ਜੋਖਮ ਵਿੱਚ ਪਾਉਂਦੇ ਹਨ, ਸਿਰਫ ਅਟੁੱਟ ਫਰਜ਼ ਅਤੇ ਧਰਤੀ ਪ੍ਰਤੀ ਪਿਆਰ ਦੁਆਰਾ ਪ੍ਰੇਰਿਤ।ਅਸੀਂ ਉਨ੍ਹਾਂ ਦੇ ਬੋਝ ਲਈ ਹਮੇਸ਼ਾ ਸ਼ੁਕਰਗੁਜ਼ਾਰ ਹਾਂ ਤਾਂ ਜੋ ਅਸੀਂ ਕੱਲ੍ਹ ਦੀ ਚਿੰਤਾ ਕੀਤੇ ਬਿਨਾਂ ਸ਼ਾਂਤੀ ਨਾਲ ਸੌਂ ਸਕੀਏ।







# ਹਰ ਰੋਜ਼ ਖਾਲੀ ਪੇਟ ਪੀਓ ਸੌਂਫ਼ ਦਾ ਪਾਣੀ ਦੂਰ ਹੋਣਗੀਆਂ ਸਮੱਸਿਆਵਾਂ

ਸੌਂਫ ਪਾਣੀ ਇੱਕ ਕੁਦਰਤੀ ਅਤੇ ਪ੍ਰਭਾਵਸ਼ਾਲੀ ਉਪਾਅ ਵਜੋਂ ਕੰਮ ਕਰਦਾ ਹੈ।ਸੌਂਫ ਨਾ ਸਿਰਫ਼ ਖਾਣੇ ਦਾ ਸੁਆਦ ਵਧਾਉਂਦੀ ਹੈ, ਸਗੋਂ ਇਸਦਾ ਪਾਣੀ ਪੀਣ ਨਾਲ ਕਈ ਸਿਹਤ ਲਾਭ ਵੀ ਮਿਲਦੇ ਹਨ। ਰੋਜ਼ਾਨਾ ਸੌਂਫ ਦਾ ਪਾਣੀ ਪੀਣ ਦੇ ਕੀ ਫਾਇਦੇ ਹਨ।

**ਪਾਚਨ ਪ੍ਰਣਾਲੀ ਨੂੰ ਮਜ਼ਬੂਤ ਬਣਾਉਂਦੇ:** ਸੌਂਫ ਵਿੱਚ ਮੌਜੂਦ ਐਂਟੀਆਕਸੀਡੈਂਟ ਅਤੇ ਫਾਈਬਰ ਪਾਚਨ ਪ੍ਰਣਾਲੀ ਨੂੰ ਸਿਹਤਮੰਦ ਰੱਖਦੇ ਹਨ। ਇਹ ਗੈਸ, ਐਸੀਡਿਟੀ ਅਤੇ ਕਬਜ਼ ਵਰਗੀਆਂ ਸਮੱਸਿਆਵਾਂ ਤੋਂ ਰਾਹਤ ਦਿਵਾਉਂਦਾ ਹੈ। ਗਰਮੀਆਂ ਵਿੱਚ, ਅਕਸਰ ਭੋਜਨ ਸਹੀ ਢੰਗ ਨਾਲ ਨਹੀਂ ਪਚਦਾ, ਅਜਿਹੀ ਸਥਿਤੀ ਵਿੱਚ, ਸੌਂਫ ਦਾ ਪਾਣੀ ਪੀਣ ਨਾਲ ਪੇਟ ਦੀ ਜਲਣ ਸ਼ਾਂਤ ਹੁੰਦੀ ਹੈ ਅਤੇ ਪਾਚਨ ਐਨਜ਼ਾਈਮ ਸਰਗਰਮ ਹੁੰਦੇ ਹਨ।

**ਸਰੀਰ ਨੂੰ ਠੰਢਾ ਕਰਦਾ ;** ਸੌਂਫ ਦਾ ਪਾਣੀ ਠੰਢਕ ਦਿੰਦਾ ਹੈ, ਇਸ ਲਈ ਇਸਦਾ ਪਾਣੀ ਪੀਣ ਨਾਲ ਸਰੀਰ ਦਾ ਤਾਪਮਾਨ ਕੰਟਰੋਲ ਵਿੱਚ ਰਹਿੰਦਾ ਹੈ। ਇਹ ਗਰਮੀ ਕਾਰਨ ਹੋਣ ਵਾਲੀ ਬੇਅਰਾਮੀ, ਸਿਰ ਦਰਦ ਅਤੇ ਘਬਰਾਹਟ ਨੂੰ ਘਟਾਉਂਦਾ ਹੈ। ਇਸਨੂੰ ਪੀਣ ਨਾਲ ਹੀਟ ਸਟ੍ਰੋਕ ਦਾ ਖ਼ਤਰਾ ਵੀ ਘੱਟ ਜਾਂਦਾ ਹੈ।

**ਡੀਹਾਈਡਰੇਸ਼ਨ ਦੀ ਰੋਕਥਾਮ :** ਗਰਮੀਆਂ ਵਿੱਚ ਜ਼ਿਆਦਾ ਪਸੀਨਾ ਆਉਣ ਕਾਰਨ ਸਰੀਰ ਵਿੱਚ ਪਾਣੀ ਦੀ ਕਮੀ ਹੋ ਜਾਂਦੀ ਹੈ। ਸੌਂਫ ਦਾ ਪਾਣੀ ਨਾ ਸਿਰਫ਼ ਪਿਆਸ ਬੁਝਾਉਂਦਾ ਹੈ ਬਲਕਿ ਇਲੈਕਟ੍ਰੋਲਾਈਟਸ ਦਾ ਸੰਤੁਲਨ ਵੀ ਬਣਾਈ ਰੱਖਦਾ ਹੈ। ਇਸ ਵਿੱਚ ਮੌਜੂਦ ਪੋਟਾਸ਼ੀਅਮ ਅਤੇ ਸੋਡੀਅਮ ਸਰੀਰ ਨੂੰ ਹਾਈਡ੍ਰੇਟ ਰੱਖਣ ਵਿੱਚ ਮਦਦ ਕਰਦੇ ਹਨ।

**ਭਾਰ ਘਟਾਉਣ ਵਿੱਚ ਮਦਦਗਾਰ ;** ਜੇਕਰ ਤੁਸੀਂ ਭਾਰ ਘਟਾਉਣਾ ਚਾਹੁੰਦੇ ਹੋ, ਤਾਂ ਸੌਂਫ ਦਾ ਪਾਣੀ ਇੱਕ ਵਧੀਆ ਆਪਸ਼ਨ ਹੈ। ਇਹ ਮੈਟਾਬੋਲਿਜ਼ਮ ਨੂੰ ਵਧਾਉਂਦਾ ਹੈ ਅਤੇ ਸਰੀਰ ਵਿੱਚ ਜਮ੍ਹਾਂ ਹੋਈ ਵਾਧੂ ਚਰਬੀ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਸਵੇਰੇ ਖਾਲੀ ਪੇਟ ਇਸਨੂੰ ਪੀਣ ਨਾਲ ਚਰਬੀ ਬਰਨਿੰਗ ਪ੍ਰਕਿਰਿਆ ਤੇਜ਼ ਹੁੰਦੀ ਹੈ।


**ਚਮੜੀ ਲਈ ਫਾਇਦੇਮੰਦ ;** ਸੌਂਫ ਵਿੱਚ ਮੌਜੂਦ ਵਿਟਾਮਿਨ ਸੀ ਅਤੇ ਐਂਟੀ-ਇੰਫਲੇਮੇਟਰੀ ਗੁਣ ਚਮੜੀ ਨੂੰ ਸਿਹਤਮੰਦ ਰੱਖਦੇ ਹਨ। ਇਸ ਦਾ ਪਾਣੀ ਪੀਣ ਨਾਲ ਮੁਹਾਸੇ, ਝੁਰੜੀਆਂ ਅਤੇ ਕਾਲੇ ਧੱਬੇ ਘੱਟ ਜਾਂਦੇ ਹਨ। ਇਹ ਸਰੀਰ ਵਿੱਚੋਂ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢ ਕੇ ਚਮੜੀ ਨੂੰ ਸੁਧਾਰਨ ਵਿੱਚ ਮਦਦ ਕਰਦਾ ਹੈ।

**ਇਮਿਊਨਿਟੀ ਵਧਾਉਂਦੇ:** ਸੌਂਫ ਵਿੱਚ ਵਿਟਾਮਿਨ ਸੀ, ਆਇਰਨ ਅਤੇ ਕੈਲਸ਼ੀਅਮ ਵਰਗੇ ਪੌਸ਼ਟਿਕ ਤੱਤ ਪਾਏ ਜਾਂਦੇ ਹਨ, ਜੋ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਨੂੰ ਮਜ਼ਬੂਤ ਬਣਾਉਂਦੇ ਹਨ। ਇਸ ਦਾ ਪਾਣੀ ਨਿਯਮਿਤ ਤੌਰ ਤੇ ਪੀਣ ਨਾਲ ਬਿਮਾਰ ਹੋਣ ਦਾ ਖ਼ਤਰਾ ਘੱਟ ਜਾਂਦਾ ਹੈ।

**ਅੱਖਾਂ ਦੀ ਸਿਹਤ ਲਈ ਫਾਇਦੇਮੰਦ:** ਸੌਂਫ ਵਿੱਚ ਵਿਟਾਮਿਨ ਏ ਹੁੰਦਾ ਹੈ, ਜੋ ਅੱਖਾਂ ਦੀ ਰੌਸ਼ਨੀ ਨੂੰ ਸੁਧਾਰਨ ਵਿੱਚ ਮਦਦ ਕਰਦਾ ਹੈ। ਗਰਮੀਆਂ ਵਿੱਚ ਅਕਸਰ ਅੱਖਾਂ ਵਿੱਚ ਜਲਣ ਹੁੰਦੀ ਹੈ, ਅਜਿਹੀ ਸਥਿਤੀ ਵਿੱਚ ਸੌਂਫ ਦਾ ਪਾਣੀ ਪੀਣ ਨਾਲ ਅੱਖਾਂ ਨੂੰ ਠੰਢਕ ਮਿਲਦੀ ਹੈ।



# ਸ਼ਹਿਤੂਤ ਦੇ ਪੱਤੇ ਚਬਾਉਣ ਨਾਲ ਸਰੀਰ ਦਿਨ ਭਰ ਤਾਜ਼ਾ ਅਤੇ ਊਰਜਾਵਾਨ ਰਹਿੰਦਾ



ਤੁਸੀਂ ਸ਼ਹਿਤੂਤ ਦੇ ਫਲ ਜ਼ਰੂਰ ਖਾਧੇ ਹੋਣਗੇ ਮਿੱਠੇ, ਰਸੀਲੇ ਅਤੇ ਬਹੁਤ ਸੁਆਦੀ, ਪਰ ਕੀ ਤੁਸੀਂ ਕਦੇ ਇਸਦੇ ਪੱਤੇ ਚਬਾਉਣ ਦੀ ਕੋਸ਼ਿਸ਼ ਕੀਤੀ ਹੈ? ਜੇ ਨਹੀਂ? ਇਸ ਲਈ ਹੁਣ ਸਮਾਂ ਹੈ ਕਿ ਤੁਸੀਂ ਇਸ ਗੁਪਤ ਦਵਾਈ ਨੂੰ ਆਪਣੀ ਸਵੇਰ ਦੀ ਰੁਟੀਨ ਵਿੱਚ ਸ਼ਾਮਲ ਕਰੋ। ਹਾਂ, ਆਯੁਰਵੇਦ ਦੇ ਖਜ਼ਾਨੇ ਵਿੱਚ ਸ਼ਹਿਤੂਤ ਦੇ ਪੱਤਿਆਂ ਦਾ ਬਹੁਤ ਹੀ ਖਾਸ ਦਰਜਾ ਹੈ। ਖਾਸ ਕਰਕੇ ਗਰਮੀਆਂ ਵਿੱਚ ਜਦੋਂ ਸਰੀਰ ਨੂੰ ਠੰਢਕ, ਊਰਜਾ ਅਤੇ ਰੋਗ ਪ੍ਰਤੀਰੋਧਕ ਸ਼ਕਤੀ ਦੀ ਲੋੜ ਹੁੰਦੀ ਹੈ, ਸਵੇਰੇ-ਸਵੇਰੇ ਜਦੋਂ ਪੇਟ ਖਾਲੀ ਹੁੰਦਾ ਹੈ, ਤਾਂ ਸਰੀਰ ਕਿਸੇ ਵੀ ਔਸ਼ਧੀ ਸਮੱਗਰੀ ਨੂੰ ਸਭ ਤੋਂ ਵਧੀਆ ਤਰੀਕੇ ਨਾਲ ਸੋਖ ਲੈਂਦਾ ਹੈ। ਅਜਿਹੀ ਸਥਿਤੀ ਵਿੱਚ, ਸ਼ਹਿਤੂਤ ਦੇ ਪੱਤੇ ਚਬਾਉਣ ਨਾਲ ਨਾ ਸਿਰਫ਼ ਪਾਚਨ ਤੰਤਰ ਮਜ਼ਬੂਤ ਹੁੰਦਾ ਹੈ ਸਗੋਂ ਸਰੀਰ ਦਿਨ ਭਰ ਤਾਜ਼ਾ ਅਤੇ ਊਰਜਾਵਾਨ ਵੀ ਰਹਿੰਦਾ ਹੈ।

**ਬਲੱਡ ਸ਼ੂਗਰ ਨੂੰ ਕੰਟਰੋਲ ਕਰਦਾ ;** ਸ਼ੂਗਰ ਦੇ ਮਰੀਜ਼ਾਂ ਲਈ ਸ਼ਹਿਤੂਤ ਦੇ ਪੱਤੇ ਬਹੁਤ ਫਾਇਦੇਮੰਦ ਹੁੰਦੇ ਹਨ। ਇਨ੍ਹਾਂ ਵਿੱਚ ਕੁਦਰਤੀ ਮਿਸ਼ਰਣ ਹੁੰਦਾ ਹੈ, ਜੋ ਕਾਰਬੋਹਾਈਡਰੇਟ ਨੂੰ ਗਲੂਕੋਜ਼ ਵਿੱਚ ਬਦਲਣ ਦੀ ਪ੍ਰਕਿਰਿਆ ਨੂੰ ਹੌਲੀ ਕਰ ਦਿੰਦਾ ਹੈ, ਜਿਸ ਨਾਲ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਵਿੱਚ ਰੱਖਿਆ ਜਾਂਦਾ ਹੈ।


**ਇਮਿਊਨਿਟੀ ਬੂਸਟਰ ਵਜੋਂ ਕਰਦਾ ਕੰਮ ;** ਇਨ੍ਹਾਂ ਪੱਤਿਆਂ ਵਿੱਚ ਮੌਜੂਦ ਐਂਟੀਆਕਸੀਡੈਂਟ ਸਰੀਰ ਨੂੰ ਫ੍ਰੀ ਰੈਡੀਕਲਸ ਨਾਲ ਲੜਨ ਵਿੱਚ ਮਦਦ ਕਰਦੇ ਹਨ, ਜਿਸ ਨਾਲ ਇਮਿਊਨਿਟੀ ਵਧਦੀ ਹੈ ਅਤੇ ਵਾਇਰਲ ਜਾਂ ਬੈਕਟੀਰੀਆ ਦੀ ਲਾਗ ਨੂੰ ਰੋਕਿਆ ਜਾਂਦਾ ਹੈ।

**ਪਾਚਨ ਕਿਰਿਆ ਨੂੰ ਸੁਧਾਰਦਾ ;** ਸ਼ਹਿਤੂਤ ਦੇ ਪੱਤਿਆਂ ਵਿੱਚ ਕੁਦਰਤੀ ਫਾਈਬਰ ਹੁੰਦਾ ਹੈ ਜੋ ਕਬਜ਼ ਤੋਂ ਰਾਹਤ ਦਿਵਾਉਂਦਾ ਹੈ ਅਤੇ ਪੇਟ ਸਾਫ਼ ਰੱਖਦਾ ਹੈ।

**ਬਲੱਡ ਪ੍ਰੈਸ਼ਰ ਨੂੰ ਕਰੇ ਸੰਤੁਲਿਤ ;** ਇਹ ਪੱਤੇ ਉਨ੍ਹਾਂ ਲੋਕਾਂ ਲਈ ਬਹੁਤ ਫਾਇਦੇਮੰਦ ਹਨ ਜੋ ਹਾਈ ਬੀਪੀ ਜਾਂ ਘੱਟ ਬੀਪੀ ਦੀ ਸਮੱਸਿਆ ਤੋਂ ਪੀੜਤ ਹਨ। ਇਹ ਖੂਨ ਸੰਚਾਰ ਨੂੰ ਬਿਹਤਰ ਬਣਾਉਂਦੇ ਹਨ ਅਤੇ ਤਣਾਅ ਘਟਾਉਣ ਵਿੱਚ ਮਦਦ ਕਰਦੇ ਹਨ।

**ਚਮੜੀ ਨੂੰ ਬਣਾਉਂਦਾ ਚਮਕਦਾਰ ;** ਸ਼ਹਿਤੂਤ ਦੇ ਪੱਤਿਆਂ ਵਿੱਚ ਬੁਢਾਪਾ ਰੋਕੂ ਗੁਣ ਹੁੰਦੇ ਹਨ। ਨਿਯਮਤ ਵਰਤੋਂ ਚਮੜੀ ਨੂੰ ਸੁਧਾਰਦੀ ਹੈ, ਦਾਗ-ਧੱਬਿਆਂ ਨੂੰ ਘਟਾਉਂਦੀ ਹੈ ਅਤੇ ਚਿਹਰੇ 'ਤੇ ਕੁਦਰਤੀ ਚਮਕ ਵਾਪਸ ਲਿਆਉਂਦੀ ਹੈ।

# ਤੁਹਾਡੇ ਪੈਰਾਂ ਦੀਆਂ ਤਲ਼ੀਆਂ 'ਤੇ ਵੀ ਹੁੰਦੀ ਹੈ ਜਲਣ ਤਾਂ...



ਗਰਮੀਆਂ ਚ ਪੈਰਾਂ ਦੇ ਤਲ਼ਿਆਂ ਵਿੱਚ ਜਲਣ ਸਮੱਸਿਆ ਵੱਧ ਜਾਂਦੀ ਹੈ। ਇਹ ਸਮੱਸਿਆ ਬਜ਼ੁਰਗਾਂ ਜਾਂ ਮੱਧ-ਉਮਰ ਦੇ ਲੋਕਾਂ ਵਿੱਚ ਦੇਖੀ ਜਾਂਦੀ ਹੈ ਪਰ ਅੱਜ-ਕੱਲ੍ਹ ਇਹ ਸਮੱਸਿਆ ਨੌਜਵਾਨਾਂ ਵਿੱਚ ਵੀ ਦੇਖੀ ਜਾ ਰਹੀ ਹੈ। ਵਿਟਾਮਿਨ ਬੀ12 ਦੀ ਕਮੀ, ਡਾਇਬੀਟਿਕ ਨਿਊਰੋਪੈਥੀ ਵਰਗੀਆਂ ਸਮੱਸਿਆਵਾਂ ਇਸ ਜਲਣ ਦੇ ਪਿੱਛੇ ਮੁੱਖ ਕਾਰਨ ਹੋ ਸਕਦੀਆਂ ਹਨ।

**ਚੰਦਨ ਪਾਊਡਰ ਦਾ ਪੇਸਟ ;** ਜੇਕਰ ਤੁਹਾਡੇ ਤਲੇ ਗਰਮੀ ਕਾਰਨ ਸੜ ਰਹੇ ਹਨ ਤਾਂ ਚੰਦਨ ਪਾਊਡਰ ਦੀ ਵਰਤੋਂ ਕਰਨਾ ਇੱਕ ਵਧੀਆ ਹੱਲ ਹੋ ਸਕਦਾ ਹੈ। ਇਸ ਦੇ ਲਈ ਥੋੜ੍ਹਾ ਜਿਹਾ ਚੰਦਨ ਪਾਊਡਰ ਲਓ ਅਤੇ ਉਸ ਵਿੱਚ ਗੁਲਾਬ ਜਲ ਜਾਂ ਸਾਦਾ ਪਾਣੀ ਮਿਲਾ ਕੇ ਇੱਕ ਮੁਲਾਇਮ ਪੇਸਟ ਤਿਆਰ ਕਰੋ। ਹੁਣ ਇਸ ਪੇਸਟ ਨੂੰ ਤਲੇ ਤੇ ਚੰਗੀ ਤਰ੍ਹਾਂ ਲਗਾਓ ਅਤੇ ਲਗਭਗ 30 ਮਿੰਟ ਲਈ ਛੱਡ ਦਿਓ।

**ਪੈਰਾਂ ਨੂੰ 15 ਮਿੰਟ ਲਈ ਠੰਡੇ ਪਾਣੀ ਵਿੱਚ ਰੱਖੋ ;** ਆਪਣੇ ਪੈਰਾਂ ਨੂੰ ਘੱਟੋ-ਘੱਟ 15 ਮਿੰਟ ਲਈ ਠੰਡੇ ਪਾਣੀ ਵਿੱਚ ਭਿਓਣ ਨਾਲ ਤੁਹਾਨੂੰ ਤੁਰੰਤ ਰਾਹਤ ਮਿਲ ਸਕਦੀ ਹੈ। ਦਰਅਸਲ, ਕਈ ਵਾਰ ਸਰੀਰ ਵਿੱਚ ਪਾਣੀ ਦੀ ਕਮੀ ਜਾਂ ਸਰੀਰ ਦੀ ਜ਼ਿਆਦਾ ਗਰਮੀ ਕਾਰਨ ਪੈਰਾਂ ਦੇ ਤਲੇ ਸੜ ਸਕਦੇ ਹਨ। ਅਜਿਹੀ ਸਥਿਤੀ ਵਿੱਚ ਪੈਰਾਂ ਨੂੰ ਠੰਡੇ ਪਾਣੀ ਵਿੱਚ ਰੱਖਣ ਨਾਲ ਜਲਣ ਤੋਂ ਤੁਰੰਤ ਰਾਹਤ ਮਿਲ ਸਕਦੀ ਹੈ।

**ਨੀਲਗਿਰੀ ਤੇਲ ਨਾਲ ਪੈਰਾਂ ਦੀ ਕਰੋ ਮਾਲਿਸ਼ ;** ਨੀਲਗਿਰੀ ਤੇਲ ਨਾਲ ਪੈਰਾਂ ਦੀ ਮਾਲਿਸ਼ ਪੈਰਾਂ ਚ ਜਲਣ ਅਤੇ ਦਰਦ ਤੋਂ ਰਾਹਤ ਪਾਉਣ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਹੈ। ਇਹ ਤਰੀਕਾ ਜਲਦੀ ਨਤੀਜੇ ਦਿਖਾਉਂਦਾ ਹੈ। ਨੀਲਗਿਰੀ ਤੇਲ ਠੰਡਾ ਹੁੰਦਾ ਹੈ ਅਤੇ ਇਸ ਵਿੱਚ ਸਾੜ ਵਿਰੋਧੀ ਗੁਣ ਹੁੰਦੇ ਹਨ, ਜੋ ਦਰਦ ਤੋਂ ਤੁਰੰਤ ਰਾਹਤ ਪ੍ਰਦਾਨ ਕਰ ਸਕਦੇ ਹਨ।

**ਪੁਦੀਨੇ ਦਾ ਤੇਲ ਲਗਾਓ ;** ਤਲੀਆਂ ਤੇ ਪੁਦੀਨੇ ਦੇ ਤੇਲ ਦੀ ਵਰਤੋਂ ਕਰਨ ਨਾਲ ਤੁਹਾਨੂੰ ਬਹੁਤ ਰਾਹਤ ਮਿਲ ਸਕਦੀ ਹੈ। ਇਹ ਤਰੀਕਾ ਹਮੇਸ਼ਾ ਪ੍ਰਭਾਵਸ਼ਾਲੀ ਸਾਬਤ ਹੋਇਆ ਹੈ ਅਤੇ ਤੁਹਾਨੂੰ ਆਰਾਮਦਾਇਕ ਮਹਿਸੂਸ ਕਰਾਉਂਦਾ ਹੈ। ਪੁਦੀਨੇ ਦਾ ਤੇਲ ਠੰਡਾ ਹੁੰਦਾ ਹੈ, ਜੋ ਨਸਾਂ ਨੂੰ ਆਰਾਮ ਦਿੰਦਾ ਹੈ ਅਤੇ ਜਲਣ ਦੀ ਭਾਵਨਾ ਨੂੰ ਘਟਾਉਂਦਾ ਹੈ। ਇਸ ਤੋਂ ਇਲਾਵਾ ਇਹ ਤੁਹਾਨੂੰ ਜਲਦੀ ਸੌਣ ਵਿੱਚ ਵੀ ਮਦਦ ਕਰ ਸਕਦਾ ਹੈ।

**ਐਪਲ ਸਾਈਡਰ ਸਿਰਕਾ ;** ਕੋਸੇ ਪਾਣੀ ਵਿੱਚ ਐਪਲ ਸਾਈਡਰ ਸਿਰਕਾ ਮਿਲਾ ਕੇ ਪੈਰਾਂ ਨੂੰ ਇਸ ਵਿੱਚ ਭਿਉਂ ਕੇ ਲਗਾਉਣ ਨਾਲ ਪੈਰਾਂ ਵਿੱਚ ਜਲਣ ਦੀ ਭਾਵਨਾ ਤੋਂ ਰਾਹਤ ਮਿਲਦੀ ਹੈ। ਇਹ ਪ੍ਰਕਿਰਿਆ ਪਹਿਲਾਂ ਤੁਹਾਡੇ ਤਲੀਆਂ ਦੇ ਚਮੜੀ ਦੇ ਛੇਦ ਖੋਲ੍ਹਦੀ ਹੈ, ਫਿਰ ਦਰਦ ਅਤੇ ਸੋਜ ਤੋਂ ਰਾਹਤ ਦਿੰਦੀ ਹੈ।

# ਪੰਜਾਬੀਆਂ ਨੂੰ ਵਿਦੇਸ਼ਾਂ ਦੇ ਸੁਪਨੇ ਜ਼ਹਿਰ ਜਾਪਣ ਲੱਗੇ

ਪੰਜਾਬ ਵਿਚ ਬੇਰੁਜ਼ਗਾਰੀ ਬਹੁਤ ਵੱਧ ਚੁੱਕੀ ਹੈ। ਕੋਈ ਨੌਕਰੀ ਛੇਤੀ ਛੇਤੀ ਨਹੀਂ ਮਿਲਦੀ। ਮਾਪੇ ਅਪਣੀਆਂ ਧੀਆਂ ਨੂੰ ਬਾਹਰਲੇ ਮੁਲਕਾਂ ਵਿਚ ਭੇਜ ਰਹੇ ਹਨ ਕਿ ਉਨ੍ਹਾਂ ਦੀ ਧੀ ਬਾਹਰ ਜਾ ਕੇ ਅਪਣੇ ਪੈਰਾਂ ਉਤੇ ਖੜੀ ਹੋ ਜਾਵੇਗੀ ਅਤੇ ਘਰ ਦੀ ਗ਼ਰੀਬੀ ਦੂਰ ਹੋ ਜਾਵੇਗੀ। ਮਾਪੇ ਇਸ ਤਰ੍ਹਾਂ ਦੀਆਂ ਆਸਾਂ ਲਾਉਂਦੇ ਹਨ ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਉਨ੍ਹਾਂ ਦੀ ਧੀ ਨੂੰ ਬਾਹਰਲੇ ਮੁਲਕ ਵਿਚ ਕੀ ਕੁੱਝ ਸਹਾਰਨਾ ਪੈਂਦਾ ਹੈ? ਇਸ ਗੱਲ ਤੋਂ ਅਣਜਾਣ ਮਾਪਿਆਂ ਨੂੰ ਕਦੇ ਵੀ ਅਪਣੀ ਧੀ ਨੂੰ ਇਕੱਲੀ ਬਾਹਰਲੇ ਮੁਲਕ ਵਿਚ ਨਹੀਂ ਭੇਜਣਾ ਚਾਹੀਦਾ ਕਿਉਂਕਿ ਖ਼ਾਸ ਕਰ ਕੇ ਯੂਰਪੀ ਮੁਲਕਾਂ ਵਿਚ ਸ਼ਰਮ ਨਾਂ ਦੀ ਕੋਈ ਚੀਜ਼ ਹੀ ਨਹੀਂ ਦਿਸਦੀ।

ਜ਼ਿਆਦਾਤਰ ਕੁੜੀਆਂ-ਮੁੰਡਿਆਂ ਨੂੰ ਖੁੱਲ੍ਹ ਹੈ ਕਿ ਉਹ ਕੁੱਝ ਵੀ ਕਰੀ ਜਾਣ, ਕਿਸੇ ਨੂੰ ਕੋਈ ਰੋਕ-ਟੋਕ ਨਹੀਂ। ਏਨੇ ਖੁੱਲ੍ਹੇ ਮਾਹੌਲ ਵਿਚ ਸਾਡੀਆਂ ਪੰਜਾਬ ਦੀਆਂ ਜ਼ਿਆਦਾਤਰ ਕੁੜੀਆਂ ਵੀ ਬਾਹਰਲੇ ਮੁਲਕਾਂ ਵਾਲੀਆਂ ਕੁੜੀਆਂ ਵਾਂਗ ਪਹਿਰਾਵਾ ਪਾਉਂਦੀਆਂ ਹਨ ਅਤੇ ਉਨ੍ਹਾਂ ਵਾਂਗ ਹੀ ਹੋ ਜਾਂਦੀਆਂ ਹਨ। ਸਾਈਪ੍ਰਸ 'ਚ ਰੁਜ਼ਗਾਰ ਦੀ ਭਾਲ ਵਿਚ ਜਾਣ ਦੌਰਾਨ ਮੈਂ ਵੇਖਿਆ ਹੈ ਕਿ ਇਸ ਮੁਲਕ ਦੀਆਂ ਕੁੜੀਆਂ ਸ਼ਰਾਬ ਅਤੇ ਬੀਅਰਾਂ ਬਹੁਤ ਪੀਂਦੀਆਂ ਹਨ। ਇਨ੍ਹਾਂ ਨੂੰ ਸ਼ਰਾਬ ਦੇ ਨਸ਼ੇ ਵਿਚ ਟੱਲੀ ਹੋ ਕੇ ਡਿਗਦੀਆਂ ਨੂੰ ਮੈਂ ਕਈ ਵਾਰ ਵੇਖਿਆ ਹੈ। ਇਨ੍ਹਾਂ ਕੁੜੀਆਂ ਦੇ ਮਾਪਿਆਂ ਨੂੰ ਕੋਈ ਸ਼ਰਮ ਮਹਿਸੂਸ ਨਹੀਂ ਹੁੰਦੀ ਕਿਉਂਕਿ ਇਹ ਕੁੜੀਆਂ ਅਪਣੇ ਮਾਪਿਆਂ ਸਾਹਮਣੇ ਹੀ ਪੀਂਦੀਆਂ ਹਨ। ਮੇਰੇ ਪੰਜਾਬ ਦੀਆਂ ਕੁੜੀਆਂ ਵੀ ਹੁਣ ਇਨ੍ਹਾਂ ਵਰਗੀਆਂ ਹੁੰਦੀਆਂ ਜਾ ਰਹੀਆਂ ਹਨ। ਬਹੁਤ ਕੁੜੀਆਂ ਸ਼ਰਾਬ ਅਤੇ ਬੀਅਰਾਂ ਪੀਣ ਲੱਗ ਪਈਆਂ ਹਨ ਜੋ ਚਿੰਤਾ ਦਾ ਵਿਸ਼ਾ ਹੈ। ਪੰਜਾਬ ਵਿਚ ਇਸ ਸਮੇਂ ਨਸ਼ਿਆਂ ਦਾ ਏਨਾ ਦੌਰ ਚੱਲ ਰਿਹਾ ਹੈ ਕਿ ਪੰਜਾਬ ਦੇ ਮੁੰਡੇ ਪੱਕੇ ਨਸ਼ਈ ਬਣਦੇ ਜਾ ਰਹੇ ਹਨ। ਪੰਜਾਬ ਵਿਚ ਨਸ਼ੇ ਦਾ ਕਾਰੋਬਾਰ ਜ਼ਿਆਦਾ ਵੱਧ ਹੋ ਜਾਣ ਕਰ ਕੇ ਅਨੇਕਾਂ ਘਰਾਂ ਦੇ ਦੀਵੇ ਬੁੱਝ ਚੁੱਕੇ ਹਨ। ਇਨ੍ਹਾਂ ਨਸ਼ਿਆਂ ਨੂੰ ਰੋਕਣ ਲਈ ਪਿਛਲੇ ਮਹੀਨਿਆਂ ਵਿਚ ਸਾਡੀ ਬਾਦਲ ਸਰਕਾਰ ਨੇ ਵੀ ਬੀੜਾ ਚੁਕਿਆ ਸੀ ਪਰ ਨਸ਼ਾ ਛੁਡਵਾਉਣ ਦੀ ਮੁਹਿੰਮ ਠੁੱਸ ਹੋ ਗਈ ਅਤੇ ਨਸ਼ੇ ਵਾਲੇ ਰਾਹ ਫਿਰ ਖੁੱਲ੍ਹੇ ਹੋ ਗਏ। ਪੰਜਾਬ ਦੀ ਨੌਜਵਾਨ ਪੀੜ੍ਹੀ ਨਸ਼ਿਆਂ ਤੋਂ ਬਚ ਨਹੀਂ ਸਕਦੀ। ਪਿੰਡਾਂ ਦੀਆਂ ਔਰਤਾਂ ਨੇ ਵੀ ਨਸ਼ਿਆਂ ਦਾ ਵਿਰੋਧ ਕਰ ਕੇ ਇਸ ਨੂੰ ਖ਼ਤਮ ਕਰਨ ਲਈ ਝੰਡਾ ਚੁਕਿਆ ਸੀ ਪਰ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਕਰ ਕੇ ਇਹ ਨਸ਼ਾ ਬੰਦ ਨਾ ਹੋਇਆ।

ਹੁਣ ਚਿੰਤਾ ਇਸ ਗੱਲ ਦੀ ਸਤਾਉਣ ਲੱਗ ਪਈ ਹੈ ਕਿ ਬਾਹਰਲੇ ਮੁਲਕਾਂ ਵਿਚ ਵੀ ਸਾਡੀਆਂ ਪੰਜਾਬ ਦੀਆਂ ਧੀਆਂ ਸ਼ਰਾਬ ਵਰਗੇ ਨਸ਼ੇ ਕਰਨ ਲੱਗ ਪਈਆਂ ਤਾਂ ਹੁਣ ਮੇਰੇ ਪੰਜਾਬ ਦਾ ਕੀ ਬਣੇਗਾ? ਇਨ੍ਹਾਂ ਕੁੜੀਆਂ ਨੇ ਅਪਣੇ ਵਿਆਹ ਵੀ ਕਰਾਉਣੇ ਹਨ। ਕੀ ਇਹ ਅਪਣੇ ਪਤੀਆਂ ਵਲੋਂ ਸ਼ਰਾਬ ਪੀਣ ਦਾ ਵਿਰੋਧ ਕਰਨਗੀਆਂ? ਕਲ ਨੂੰ ਇਨ੍ਹਾਂ ਨੇ ਮਾਵਾਂ ਵੀ ਬਣਨਾ ਹੈ। ਕੀ ਇਹ ਅਪਣੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੇ ਚੰਗੇ ਸੰਸਕਾਰ ਦੇਣਗੀਆਂ ਅਤੇ ਗੁਰੂਆਂ ਦੀ ਬਾਣੀ ਬਾਰੇ ਗਿਆਨ ਦੇਣਗੀਆਂ? ਇਹ ਇਕ ਅਹਿਮ ਸਵਾਲ ਹੈ ਜਿਸ ਦਾ ਜਵਾਬ ਕੌਣ ਦੇਵੇਗਾ?

ਵਿਦੇਸ਼ਾਂ ਵਿਚ ਰਹਿੰਦੇ ਸਾਡੇ ਪੰਜਾਬੀ ਮੁੰਡੇ ਅਪਣੀਆਂ ਹਮਵਤਨ ਕੁੜੀਆਂ ਨੂੰ ਵਿਆਹ ਕਰਾਉਣ ਦਾ ਝੂਠਾ ਲਾਰਾ ਲਾ ਕੇ ਉਨ੍ਹਾਂ ਦਾ ਸਰੀਰਕ ਸ਼ੋਸ਼ਣ ਕਰਦੇ ਹਨ। ਇਹ ਸੱਭ ਕੁੱਝ ਇਕੱਲੇ ਸਾਈਪ੍ਰਸ ਵਿਚ ਹੀ ਨਹੀਂ ਹੋਰ ਵੀ ਕਈ ਦੇਸ਼ਾਂ 'ਚ ਇੰਜ ਹੋ ਰਿਹਾ ਹੈ। ਪਰ ਜੋ ਮੈਂ ਸਾਈਪ੍ਰਸ ਵਿਚ ਅਪਣੇ ਅੱਖੀਂ ਵੇਖਿਆ ਹੈ, ਉਹੀ ਲਿਖ ਰਿਹਾ ਹਾਂ। ਬਹੁਤੇ ਮੁੰਡਿਆਂ ਨੇ ਵਿਆਹ ਕਰਾਉਣ ਦਾ ਝੂਠਾ ਲਾਰਾ ਲਾ ਕੇ ਕਈ ਕੁੜੀਆਂ ਦੀ ਜ਼ਿੰਦਗੀ ਬਰਬਾਦ ਕਰ ਦਿਤੀ ਹੈ। ਬਹੁਤ ਕੁੜੀਆਂ ਸਾਈਪ੍ਰਸ ਵਿਚ ਗਰਭਪਾਤ ਵੀ ਕਰਵਾ ਚੁੱਕੀਆਂ ਹਨ ਪਰ ਉਹ ਮੁੰਡੇ ਇਨ੍ਹਾਂ ਕੁੜੀਆਂ ਨੂੰ ਛੱਡ ਕੇ ਪੰਜਾਬ ਤੋਂ ਨਵੀਆਂ ਆਉਂਦੀਆਂ ਕੁੜੀਆਂ ਨੂੰ ਵਿਆਹ ਕਰਾਉਣ ਦਾ ਲਾਰਾ ਲਾ ਕੇ ਉਨ੍ਹਾਂ ਦਾ ਵੀ ਸਰੀਰਕ ਸ਼ੋਸ਼ਣ ਕਰੀ ਜਾਂਦੇ ਹਨ। ਪਤਾ ਨਹੀਂ ਕਿੰਨੀਆਂ ਹੀ ਕੁੜੀਆਂ ਇਕ ਮੁੰਡੇ ਦੇ ਹੱਥੋਂ ਜ਼ਿੰਦਗੀ ਬਰਬਾਦ ਕਰਵਾ ਚੁਕੀਆਂ ਹੋਣਗੀਆਂ, ਇਸ ਦਾ ਅੰਦਾਜ਼ਾ ਲਾਉਣਾ ਬੜਾ ਮੁਸ਼ਕਲ ਹੈ। ਇਹ ਕੁੜੀਆਂ ਯੂਰਪ ਵਿਚ ਕਿਸੇ ਦੀ ਰੋਕ-ਟੋਕ ਅਤੇ ਅਪਣੇ ਪ੍ਰਵਾਰ ਨਾ ਹੋਣ ਕਰ ਕੇ ਗ਼ਲਤ ਰਸਤੇ ਵਲ ਪੈ ਰਹੀਆਂ ਹਨ। ਕੁੱਝ ਕੁੜੀਆਂ ਅਜਿਹੀਆਂ ਵੀ ਹਨ ਜਿਹੜੀਆਂ ਇਹੋ ਜਿਹੇ ਮੁੰਡਿਆਂ ਤੋਂ ਦੂਰ ਰਹਿਣਾ ਚਾਹੁੰਦੀਆਂ ਹਨ ਪਰ ਸਿਆਣਿਆਂ ਦੀ ਕਹਾਵਤ ਹੈ ਜੇਕਰ ਇਕ ਕੁੱਤੇ ਨੂੰ ਚਾਰ-ਪੰਜ ਕੁੱਤੇ ਸੁੱਟ ਲੈਣ ਤਾਂ ਉਹ ਇਕੱਲਾ ਕੁੱਤਾ ਕਿੱਥੇ ਭੱਜੇਗਾ? ਮੇਰਾ ਕਹਿਣ ਦਾ ਮਤਲਬ ਹੈ ਕਿ ਮੁੰਡਿਆਂ ਦੇ ਚੱਕਰਾਂ ਵਿਚ ਪਈਆਂ ਕੁੜੀਆਂ ਹੋਰਨਾਂ ਨੂੰ ਵੀ ਅਪਣੇ ਵਾਂਗ ਕਰ ਲੈਂਦੀਆਂ ਹਨ। ਇਹ ਮੁੰਡੇ ਇਨ੍ਹਾਂ ਦਾ ਸਰੀਰਕ ਸ਼ੋਸ਼ਣ ਕਰਨ ਦੇ ਨਾਲ ਇਨ੍ਹਾਂ ਕੁੜੀਆਂ ਤੋਂ ਪੈਸੇ ਵੀ ਖਾਂਦੇ ਹਨ। ਵਾਪਸ ਕਰਨ ਦੀ ਗੱਲ ਕਹਿ ਕੇ ਉਹ ਕੁੜੀਆਂ ਤੋਂ ਪੈਸੇ ਲੈ ਤਾਂ ਲੈਂਦੇ ਹਨ ਪਰ ਜਦੋਂ ਕੁੜੀਆਂ ਅਪਣੇ ਪੈਸੇ ਵਾਪਸ ਮੰਗਦੀਆਂ ਹਨ ਤਾਂ ਉਹ ਕੁੜੀਆਂ ਨੂੰ ਬਲੈਕਮੇਲ ਕਰਦੇ ਹਨ। ਕੁੜੀਆਂ ਵਿਚਾਰੀਆਂ ਡਰਦੀਆਂ ਕੁੱਝ ਵੀ ਨਹੀਂ ਕਰ ਸਕਦੀਆਂ। ਕਈ ਕੁੜੀਆਂ ਦੇ ਦੱਸਣ ਤੋਂ ਪਤਾ ਲਗਿਆ ਕਿ ਉਹ ਅਪਣੇ ਮਾਪਿਆਂ ਨੂੰ ਮਾਲਕਾਂ ਵਲੋਂ ਅਜੇ ਤਨਖ਼ਾਹ ਨਾ ਦੇਣ ਦਾ ਝੂਠ ਮਾਰ ਰਹੀਆਂ ਹਨ। ਉਹ ਅਪਣੇ ਮਾਪਿਆਂ ਨੂੰ ਅਸਲ ਹੱਡਬੀਤੀ ਵੀ ਨਹੀਂ ਕਹਿ ਸਕਦੀਆਂ ਅਤੇ ਅਪਣੀ ਕਿਸਮਤ ਨੂੰ ਕੋਸਦੀਆਂ ਰਹਿੰਦੀਆਂ ਹਨ। ਪਿੱਛੇ ਜਿਹੇ ਇਕ ਕੁੜੀ ਨੇ ਦਰਿਆ ਵਿਚ ਛਾਲ ਮਾਰ ਕੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਉਸ ਦੀਆਂ ਸਹੇਲੀਆਂ ਨੇ ਉਸ ਨੂੰ ਮਸਾਂ ਰੋਕ-ਰੋਕ ਰਖਿਆ। ਮੈਂ ਅਤੇ ਮੇਰਾ ਦੋਸਤ ਕੁਲਦੀਪ ਸਿੰਘ ਜਲਾਲਦੀਵਾਲਵਾਲਾ ਗੁਰੂਘਰ ਤੋਂ ਮੱਥਾ ਟੇਕ ਕੇ ਦਰਿਆ ਕੋਲੋਂ ਲੰਘ ਰਹੇ ਸੀ। ਉੱਥੇ ਕਾਫ਼ੀ ਗੋਰੇ ਲੋਕ ਵੀ ਇਕੱਠੇ ਹੋਏ ਸਨ ਅਤੇ ਪੁੱਛ ਰਹੇ ਸੀ ਕਿ 'ਇਹ ਭਾਰਤੀ ਕੁੜੀ ਕਿਉਂ ਮਰ ਰਹੀ ਹੈ?' ਉਹ ਕਹਿ ਰਹੀ ਸੀ 'ਮੈਨੂੰ ਮਰ ਜਾਣ ਦੇ ਮੇਰੀ ਜ਼ਿੰਦਗੀ ਬਰਬਾਦ ਤਾਂ ਹੋ ਈ ਚੁੱਕੀ ਹੈ।' ਉਹ ਭੁੱਬਾਂ ਮਾਰ ਕੇ ਰੋ ਰਹੀ ਸੀ ਅਤੇ ਅਪਣੀਆਂ ਸਹੇਲੀਆਂ ਕੋਲੋਂ ਹੱਥ ਛੁਡਾਉਣ ਦੀ ਪੂਰੀ ਕੋਸ਼ਿਸ਼ ਕਰ ਰਹੀ ਸੀ। ਕਾਫ਼ੀ ਜੱਦੋਜਹਿਦ ਮਗਰੋਂ ਉਹ ਕੁੜੀ ਨੂੰ ਦਰਿਆ ਤੋਂ ਪਾਸੇ ਲੈ ਆਈਆਂ ਅਤੇ ਉਸ ਨੂੰ ਸ਼ਾਂਤ ਹੋ ਜਾਣ ਲਈ ਕਹਿ ਰਹੀਆਂ ਸਨ। ਉਨ੍ਹਾਂ ਗੋਰੇ ਲੋਕਾਂ ਨੂੰ ਇਸ ਗੱਲ ਦਾ ਫ਼ਿਕਰ ਸਤਾ ਰਿਹਾ ਸੀ ਕਿ ਇਹ ਕੁੜੀ ਕਿਉਂ ਮਰ ਰਹੀ ਹੈ? ਅਸੀ ਵੀ ਉਨ੍ਹਾਂ ਗੋਰੇ ਲੋਕਾਂ ਕੋਲ ਹੀ ਖੜੇ ਸੀ। ਅਸੀ ਵੀ ਪੁੱਛਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਕੁੜੀਆਂ ਨੇ ਦੱਸਣ ਦੀ ਜ਼ਰੂਰਤ ਨਾ ਸਮਝੀ। ਉਸ ਕੁੜੀ ਨੂੰ ਰੋਂਦੀ ਵੇਖ ਕੇ ਹੋਰ ਵੀ ਬਹੁਤ ਸਾਰੇ ਲੋਕ ਉਥੇ ਇਕੱਠੇ ਹੋ ਗਏ ਅਤੇ ਹੋਰ ਲੋਕ ਵੀ ਉਸ ਕੁੜੀ ਦੀਆਂ ਸਹੇਲੀਆਂ ਤੋਂ ਪੁੱਛਣ ਲੱਗੇ ਕਿ ਆਖ਼ਰ ਗੱਲ ਕੀ ਹੋਈ ਹੈ ਅਤੇ ਕਿਉਂ ਇਹ ਕੁੜੀ ਦਰਿਆ ਵਿਚ ਛਾਲ ਮਾਰ ਰਹੀ ਹੈ? ਫਿਰ ਆਖ਼ਰ ਨੂੰ ਉਨ੍ਹਾਂ ਕੁੜੀਆਂ ਨੇ ਭਾਵੁਕ ਜਿਹੀਆਂ ਹੁੰਦੀਆਂ ਕਿਹਾ ਕਿ ਇਸ ਕੁੜੀ ਨਾਲ ਇਕ ਪੰਜਾਬੀ ਮੁੰਡੇ ਨੇ ਵਿਆਹ ਕਰਾਉਣ ਦਾ ਵਾਅਦਾ ਕੀਤਾ ਸੀ ਅਤੇ ਇਹ ਕੁੜੀ ਦੋ ਵਾਰ ਗਰਭਪਾਤ ਵੀ ਕਰਵਾ ਚੁੱਕੀ ਹੈ। ਇਸ ਨਾਲ ਕਾਫ਼ੀ ਚਿਰ ਉਹ ਮੁੰਡਾ ਸਰੀਰਕ ਸ਼ੋਸ਼ਣ ਵੀ ਕਰਦਾ ਰਿਹਾ ਅਤੇ ਉਸ ਕੋਲੋਂ ਕਾਫ਼ੀ ਪੈਸੇ ਵੀ ਉਧਾਰੇ ਲਏ ਸਨ। ਪਰ ਹੁਣ ਉਸ ਨਾਲ ਵਿਆਹ ਕਰਾਉਣ ਤੋਂ ਉਹ ਸ਼ਰੇਆਮ ਮੁੱਕਰ ਗਿਆ ਹੈ ਅਤੇ ਪੈਸੇ ਦੇਣ ਤੋਂ ਵੀ ਜਵਾਬ ਦੇ ਦਿਤਾ ਹੈ। ਕੁੱਝ ਦਿਨ ਪਹਿਲਾਂ ਹੀ ਉਹ ਮੁੰਡਾ ਪੰਜਾਬ ਚਲਾ ਗਿਆ। ਉਸ ਮੁੰਡੇ ਦਾ ਥਾਂ ਟਿਕਾਣਾ ਕਿਸੇ ਨੂੰ ਪਤਾ ਨਹੀਂ। ਬਹੁਤ ਸਾਰੀਆਂ ਕੁੜੀਆਂ ਇਹੋ ਜਿਹੇ ਮੁੰਡਿਆਂ ਦੇ ਜਾਲ ਵਿਚ ਫੱਸ ਕੇ ਅਪਣੀ ਜ਼ਿੰਦਗੀ ਬਰਬਾਦ ਕਰ ਚੁੱਕੀਆਂ ਹਨ। ਸਾਈਪ੍ਰਸ ਵਿਚ ਅਜਿਹੀਆਂ ਕੁੜੀਆਂ ਦਾ ਬਹੁਤ ਬੁਰਾ ਹਾਲ ਹੈ ਜੋ ਮਾਪਿਆਂ ਤੋਂ ਦੂਰ ਗ਼ਲਤ ਮੁੰਡਿਆਂ ਦੇ ਚੱਕਰਾਂ ਵਿਚ ਪੈ ਕੇ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੋ ਚੁੱਕੀਆਂ ਹਨ। ਮੁੰਡੇ ਸਿਰਫ਼ ਅਪਣੀ ਕਾਮ ਦੀ ਭੁੱਖ ਮਿਟਾਉਣ ਲਈ ਇਨ੍ਹਾਂ ਕੁੜੀਆਂ ਨਾਲ ਵਿਆਹ ਕਰਾਉਣ ਦਾ ਝੂਠਾ ਲਾਰਾ ਲਾ ਕੇ ਉਨ੍ਹਾਂ ਨਾਲ ਸਰੀਰਕ ਸਬੰਧ ਬਣਾਉਂਦੇ ਹਨ ਤੇ ਬਾਅਦ ਵਿਚ ਵਿਆਹ ਕਰਾਉਣ ਤੋਂ ਮੁਕਰ ਜਾਂਦੇ ਹਨ ਤੇ ਪੰਜਾਬ ਨੂੰ ਭੱਜ ਜਾਂਦੇ ਹਨ। ਪਿੱਛੇ ਇਹ ਕੁੜੀਆਂ ਮਾਨਸਿਕ ਤੌਰ ਤੇ ਪ੍ਰੇਸ਼ਾਨ ਰਹਿੰਦੀਆਂ ਹਨ। ਕੁੱਝ ਕੁ ਕੁੜੀਆਂ ਹੀ ਇਸ ਮਾੜੇ ਹਾਲ ਦੀ ਲਪੇਟ ਵਿਚੋਂ ਬਚੀਆਂ ਹਨ ਨਹੀਂ ਤਾਂ ਬਹੁਤੀਆਂ ਕੁੜੀਆਂ ਅਪਣੀਆਂ ਜ਼ਿੰਦਗੀਆਂ ਬਰਬਾਦ ਕਰ ਚੁੱਕੀਆਂ ਹਨ ਇੱਥੇ ਕੁੱਝ ਕੁੜੀਆਂ ਤੋਂ ਪਤਾ ਲਗਿਆ ਹੈ ਕਿ ਉਹ ਸ਼ਰਾਬ ਦੀ ਪਿਆਲੀ ਵੀ ਉਹ ਮੁੰਡਿਆਂ ਨੂੰ ਭੁਲਾਉਣ ਲਈ ਪੀਂਦੀਆਂ ਹਨ ਜੋ ਉਨ੍ਹਾਂ ਤੋਂ ਵਿਆਹ ਕਰਾਉਣ ਲਈ ਮੁਕਰੇ ਹਨ। ਇਸ ਲਈ ਮੇਰੀ ਮਾਪਿਆਂ ਨੂੰ ਬੇਨਤੀ ਹੈ ਕਿ ਅਪਣੀਆਂ ਕੁੜੀਆਂ ਬਾਹਰਲੇ ਮੁਲਕਾਂ ਵਿਚ ਸੋਚ ਵਿਚਾਰ ਕੇ ਭੇਜੋ ਤਾਕਿ ਇਹ ਕੁੜੀਆਂ ਅਪਣੀ ਜ਼ਿੰਦਗੀ ਬਰਬਾਦ ਹੋਣ ਤੋਂ ਬਚਾ ਸਕਣ।

# ਗੁਆਚਿਆ ਮੋਹ ਦਾ ਪਾਣੀ

**2004 ਵਿੱਚ ਮਦਨਜੀਤ ਸਿੰਘ ਲਾਹੌਰ ਗਏ। ਗਵਰਨਮੈਂਟ ਕਾਲਜ ਯੂਨੀਵਰਸਿਟੀ ਦਾ ਮਿਆਰ ਉੱਚਾ ਚੁੱਕਣ ਦੀ ਚਾਹਤ ਵਿੱਚ ਉਨ੍ਹਾਂ ਨੇ ਉੱਥੋਂ ਇੰਸਟੀਟਿਊਟ ਆਫ਼ ਸਾਊਥ ਏਸ਼ੀਅਨ ਸਟੱਡੀਜ਼ ਦੀ ਸਥਾਪਨਾ ਦੀ ਤਜਵੀਜ਼ ਰੱਖੀ ਤੇ ਇਸ ਕਾਰਜ ਲਈ 1.20 ਲੱਖ ਡਾਲਰਾਂ ਦੀ ਨਿੱਜੀ ਮਦਦ ਦੇਣ ਦੀ ਪੇਸ਼ਕਸ਼ ਸਿਰਫ਼ ਇੱਕ ਸ਼ਰਤ ਉੱਤੇ ਕੀਤੀ ਕਿ ਇਸ ਦਾ ਅਕਾਦਮਿਕ ਅਮਲਾ ਹੋਰ ਦੱਖਣ ਏਸ਼ਿਆਈ ਦੇਸ਼ਾਂ ਵਿੱਚੋਂ ਵੀ ਹੋਵੇ। ਪੇਸ਼ਕਸ਼ ਨੂੰ ਯੂਨੀਵਰਸਿਟੀ ਸਿੰਡੀਕੇਟ ਨੇ ਪ੍ਰਵਾਨ ਕਰ ਲਿਆ। ਰਕਮ ਆ ਗਈ। ਇੰਸਟੀਟਿਊਟ ਬਣ ਗਿਆ, ਪਰ ਰਸਮੀ ਆਗਾਜ਼ ਤੋਂ ਪਹਿਲਾਂ ਰੇੜਕਾ ਪੈ ਗਿਆ। ਵਾਈਸ ਚਾਂਸਲਰ ਪ੍ਰੋ. ਖ਼ਾਲਿਦ ਆਫ਼ਤਾਬ ਨੂੰ ਖ਼ੁਫ਼ੀਆ ਏਜੰਸੀ ਆਈ ਐੱਸ ਆਈ ਤੋਂ ਮਨਜ਼ੂਰੀ ਲੈਣ ਲਈ ਕਿਹਾ ਗਿਆ। ਅਕਾਦਮਿਕ ਕਾਰਜ ਲਈ ਫ਼ੌਜੀ ਅਫ਼ਸਰਾਂ ਤਕ ਪਹੁੰਚ ਕਰਨੀ ਉਨ੍ਹਾਂ ਨੂੰ ਗਵਾਰਾ ਨਹੀਂ ਸੀ। ਬੱਸ ਫਿਰ ਸਰਕਾਰੀ ਮਨਜ਼ੂਰੀ ਆਈ ਹੀ ਨਹੀਂ। ਜ਼ਾਹਿਰ ਹੈ ਕੁਝ ਤਾਕਤਾਂ ਇਹ ਚਾਹੁੰਦੀਆਂ ਨਹੀਂ ਸਨ ਕਿ ਲਾਹੌਰ ਵਿੱਚ ਅਜਿਹੀ ਕੋਈ ਸੰਸਥਾ ਬਣੇ; ਅਕਾਦਮਿਕ ਸਾਂਝ ਤੋਂ ਉਨ੍ਹਾਂ ਨੂੰ ਖ਼ਤਰਾ ਵੱਧ ਜਾਪਦਾ ਸੀ। ਇਹੋ ਸਥਿਤੀ ਹੁਣ ਵੀ ਬਰਕਰਾਰ ਹੈ।**

ਅਲਬਰਟ ਆਈਨਸਟਾਈਨ ਨੇ 1942 ਵਿੱਚ ਲਿਖਿਆ ਸੀ ਕਿ ਅਕਾਦਮਿਕਤਾ ਨੂੰ ਫਿਰਕੂਪੁਣੇ ਤੇ ਤੰਗਦਿਲੀ ਤੋਂ ਮੁਕਤ ਰੱਖਿਆ ਜਾਣਾ ਚਾਹੀਦਾ ਹੈ, ਪਰ ਅਜਿਹੀ ਸੰਜੀਦਾ ਸਲਾਹ ਉੱਤੇ ਸਰਕਾਰਾਂ ਅਤੇ ਉਨ੍ਹਾਂ ਦੀਆਂ ਏਜੰਸੀਆਂ ਘੱਟ ਹੀ ਅਮਲ ਕਰਦੀਆਂ ਹਨ। ਸਰਕਾਰੀ ਏਜੰਸੀਆਂ ਵੱਲੋਂ ਖ਼ਾਲਸ ਅਕਾਦਮਿਕ ਤੇ ਸਮਾਜਿਕ ਪ੍ਰਾਜੈਕਟ ਠੱਪ ਕਰਨ ਦੀ ਕਹਾਣੀ ਸੀਨੀਅਰ ਪਾਕਿਸਤਾਨੀ ਕਾਲਮ ਨਵੀਸ ਖ਼ਾਲਿਦ ਅਹਿਮਦ ਨੇ ਪੇਸ਼ ਕੀਤੀ ਹੈ।

'ਇੰਡੀਅਨ ਐਕਸਪ੍ਰੈਸ' ਵਿੱਚ ਛਪੇ ਉਸ ਦੇ ਕਾਲਮ ਮੁਤਾਬਿਕ ਇਹ ਕਹਾਣੀ ਗਵਰਨਮੈਂਟ ਕਾਲਜ ਲਾਹੌਰ ਦੇ ਇੰਸਟੀਟਿਊਟ ਆਫ਼ ਸਾਊਥ ਇੰਡੀਅਨ ਸਟੱਡੀਜ਼ ਦੀ ਸਥਾਪਨਾ ਨਾਲ ਸਬੰਧਤ ਹੈ। ਇਸ ਕਾਲਜ ਨੂੰ 2002 ਵਿੱਚ ਯੂਨੀਵਰਸਿਟੀ ਦਾ ਰੁਤਬਾ ਮਿਲ ਗਿਆ ਸੀ। ਇਹ ਉਹ ਕਾਲਜ ਹੈ, ਜਿੱਥੇ ਅਲਾਮਾ ਇਕਬਾਲ, ਫੈਜ਼ ਅਹਿਮਦ ਫੈਜ਼, ਖੁਸ਼ਵੰਤ ਸਿੰਘ, ਦੇਵ ਆਨੰਦ, ਬਲਰਾਜ ਸਾਹਨੀ ਅਤੇ ਦੋਵਾਂ ਪੰਜਾਬਾਂ ਦੀਆਂ ਕਈ ਹੋਰ ਨਾਮਵਰ ਹਸਤੀਆਂ ਪੜ੍ਹੀਆਂ। ਇਨ੍ਹਾਂ ਹਸਤੀਆਂ ਵਿੱਚ ਮਦਨਜੀਤ ਸਿੰਘ ਵੀ ਸਨ, ਜੋ ਲਾਹੌਰ ਦੇ ਜੰਮਪਲ ਸਨ। ਦੇਸ਼ ਦੀ ਵੰਡ ਤੋਂ ਪਹਿਲਾਂ ਉਨ੍ਹਾਂ ਦੀ ਰਿਹਾਇਸ਼ ਸਾਈਂ ਮੀਆਂ ਮੀਰ ਦੇ ਮਕਬਰੇ ਨੇੜੇ ਸੀ ਅਤੇ ਫੈਜ਼ ਉਨ੍ਹਾਂ ਦਾ ਕਾਲਜ ਸਮੇਂ ਦਾ ਮਿੱਤਰ ਸੀ। ਸਾਲ 1953 ਤੋਂ ਭਾਰਤੀ ਵਿਦੇਸ਼ ਸੇਵਾ ਵਿੱਚ ਦਾਖ਼ਲੇ ਤੋਂ ਬਾਅਦ ਮਦਨਜੀਤ 1995 ਤਕ ਸੋਵੀਅਤ ਯੂਨੀਅਨ ਸਮੇਤ ਤਕਰੀਬਨ ਇੱਕ ਦਰਜਨ ਦੇਸ਼ਾਂ ਵਿੱਚ ਭਾਰਤੀ ਰਾਜਦੂਤ ਰਹੇ। ਉਹ ਵਧੀਆ ਫੋਟੋਗ੍ਰਾਫਰ ਤੇ ਚਿੱਤਰਕਾਰ ਸਨ ਤੇ ਗਹਿਰ ਗੰਭੀਰ ਲੇਖਕ ਵੀ। ਯੂਨੈਸਕੋ ਨੇ ਉਨ੍ਹਾਂ ਨੂੰ ਸਦਭਾਵਨਾ ਦੂਤ ਨਿਯੁਕਤ ਕੀਤਾ। ਇਸੇ ਸੰਸਾਰ ਸੰਸਥਾ ਦੇ ਕਾਰਜਕਾਰੀ ਬੋਰਡ ਨੇ ਉਨ੍ਹਾਂ ਨੂੰ ਸਮਰਪਿਤ 'ਯੂਨੈਸਕੋ ਮਦਨਜੀਤ ਸਿੰਘ ਪੁਰਸਕਾਰ' ਵੀ ਸਥਾਪਤ ਕੀਤਾ, ਜੋ ਸਹਿਣਸ਼ੀਲਤਾ ਤੇ ਅਹਿੰਸਾ ਦੇ ਪ੍ਰਚਾਰ ਲਈ ਹਰ ਦੋ ਸਾਲਾਂ ਬਾਅਦ ਦਿੱਤਾ ਜਾਂਦਾ ਹੈ। ਇਸ ਨੂੰ ਪ੍ਰਾਪਤ ਕਰਨ ਵਾਲੀਆਂ ਹਸਤੀਆਂ ਵਿੱਚ ਪਾਕਿਸਤਾਨ ਦਾ ਸਤਿਕਾਰਤ ਪਰਉਪਕਾਰੀ ਅਬਦੁੱਲ ਸੱਤਾਰ ਈਧੀ ਵੀ ਸ਼ਾਮਲ ਸਨ।

2004 ਵਿੱਚ ਮਦਨਜੀਤ ਸਿੰਘ ਲਾਹੌਰ ਗਏ। ਗਵਰਨਮੈਂਟ ਕਾਲਜ ਯੂਨੀਵਰਸਿਟੀ ਦਾ ਮਿਆਰ ਉੱਚਾ ਚੁੱਕਣ ਦੀ ਚਾਹਤ ਵਿੱਚ ਉਨ੍ਹਾਂ ਨੇ ਉੱਥੋਂ ਇੰਸਟੀਟਿਊਟ ਆਫ਼ ਸਾਊਥ ਏਸ਼ੀਅਨ ਸਟੱਡੀਜ਼ ਦੀ ਸਥਾਪਨਾ ਦੀ ਤਜਵੀਜ਼ ਰੱਖੀ ਤੇ ਇਸ ਕਾਰਜ ਲਈ 1.20 ਲੱਖ ਡਾਲਰਾਂ ਦੀ ਨਿੱਜੀ ਮਦਦ ਦੇਣ ਦੀ ਪੇਸ਼ਕਸ਼ ਸਿਰਫ਼ ਇੱਕ ਸ਼ਰਤ ਉੱਤੇ ਕੀਤੀ ਕਿ ਇਸ ਦਾ ਅਕਾਦਮਿਕ ਅਮਲਾ ਹੋਰ ਦੱਖਣ ਏਸ਼ਿਆਈ ਦੇਸ਼ਾਂ ਵਿੱਚੋਂ ਵੀ ਹੋਵੇ। ਪੇਸ਼ਕਸ਼ ਨੂੰ ਯੂਨੀਵਰਸਿਟੀ ਸਿੰਡੀਕੇਟ ਨੇ ਪ੍ਰਵਾਨ ਕਰ ਲਿਆ। ਰਕਮ ਆ ਗਈ। ਇੰਸਟੀਟਿਊਟ ਬਣ ਗਿਆ, ਪਰ ਰਸਮੀ ਆਗਾਜ਼ ਤੋਂ ਪਹਿਲਾਂ ਰੇੜਕਾ ਪੈ ਗਿਆ। ਵਾਈਸ ਚਾਂਸਲਰ ਪ੍ਰੋ. ਖ਼ਾਲਿਦ ਆਫ਼ਤਾਬ ਨੂੰ ਖ਼ੁਫ਼ੀਆ ਏਜੰਸੀ ਆਈ ਐੱਸ ਆਈ ਤੋਂ ਮਨਜ਼ੂਰੀ ਲੈਣ ਲਈ ਕਿਹਾ ਗਿਆ। ਅਕਾਦਮਿਕ ਕਾਰਜ ਲਈ ਫ਼ੌਜੀ ਅਫ਼ਸਰਾਂ ਤਕ ਪਹੁੰਚ ਕਰਨੀ ਉਨ੍ਹਾਂ ਨੂੰ ਗਵਾਰਾ ਨਹੀਂ ਸੀ। ਬੱਸ ਫਿਰ ਸਰਕਾਰੀ ਮਨਜ਼ੂਰੀ ਆਈ ਹੀ ਨਹੀਂ। ਜ਼ਾਹਿਰ ਹੈ ਕੁਝ ਤਾਕਤਾਂ ਇਹ ਚਾਹੁੰਦੀਆਂ ਨਹੀਂ ਸਨ ਕਿ ਲਾਹੌਰ ਵਿੱਚ ਅਜਿਹੀ ਕੋਈ ਸੰਸਥਾ ਬਣੇ; ਅਕਾਦਮਿਕ ਸਾਂਝ ਤੋਂ ਉਨ੍ਹਾਂ ਨੂੰ ਖ਼ਤਰਾ ਵੱਧ ਜਾਪਦਾ ਸੀ। ਇਹੋ ਸਥਿਤੀ ਹੁਣ ਵੀ ਬਰਕਰਾਰ ਹੈ।

ਅਜਿਹੀ ਨਫ਼ਰਤੀ ਅੱਗ ਸਿਰਫ਼ ਇੱਕ ਧਿਰ ਤਕ ਸੀਮਤ ਨਹੀਂ। ਸਾਡੇ ਪਾਸੇ ਵੀ ਇਸ ਪੱਖ ਤੋਂ ਸਥਿਤੀ ਊਣੀ ਨਹੀਂ। ਕਰਨਾਟਕ ਦੇ ਸ਼ਹਿਰ ਧਾਰਵਾੜ ਨੂੰ ਉੱਤਰ ਅਤੇ ਦੱਖਣ ਭਾਰਤੀ ਸੱਭਿਆਤਾਵਾਂ ਦੇ ਸੁਮੇਲ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਸ਼ਾਸਤਰੀ ਸੰਗੀਤ, ਹੋਰ ਲਲਿਤ ਕਲਾਵਾਂ ਤੇ ਸਾਹਿਤ ਦੇ ਖੇਤਰਾਂ ਵਿੱਚ ਸੁਮੇਲਤਾ ਦੀਆਂ ਜਿੰਨੀਆਂ ਮਿਸਾਲਾਂ ਇੱਥੇ ਮਿਲਦੀਆਂ ਹਨ, ਉਹ ਦੇਸ਼ ਦੇ ਹੋਰ ਕਿਸੇ ਇੱਕ ਸਥਾਨ ਉੱਤੇ ਨਹੀਂ ਮਿਲਦੀਆਂ। ਧ੍ਰੁਪਦ ਤੇ ਖਿਆਲ ਗਾਇਕੀ ਹਿੰਦੋਸਤਾਨੀ ਸ਼ਾਸਤਰੀ ਸੰਗੀਤ ਦੇ ਦੋ ਮੁੱਖ ਅੰਗ ਹਨ, ਮਲਿਕਅਰਜੁਨ ਮਨਸੂਰ ਕਰਨਾਟਕ ਸੰਗੀਤ ਦੀ ਸਿੱਖਿਆ-ਦੀਖਿਆ ਦੇ ਬਾਵਜੂਦ ਖਿਆਲ ਗਾਇਕੀ ਦੇ ਖ਼ਲੀਫ਼ਾ ਮੰਨੇ ਜਾਂਦੇ ਰਹੇ ਹਨ। ਧ੍ਰੁਪਦ ਵਿੱਚ ਵੀ ਉਨ੍ਹਾਂ ਦੀ ਮੁਹਾਰਤ ਬਾ-ਕਮਾਲ ਸੀ। ਉਨ੍ਹਾਂ ਦੀ ਯਾਦ ਮਨਾਉਂਦਿਆਂ ਯੂਨੀਵਰਸਿਟੀ ਆਫ਼ ਕਰਨਾਟਕ ਧਾਰਵਾੜ ਨੇ ਪੰਜਾਬ ਦੇ ਤਲਵੰਡੀ ਘਰਾਣੇ ਦੇ ਨਾਮਵਰ ਧਰੁਪਦੀ ਮੌਲਾਦਾਦ ਖ਼ਾਨ ਦੇ ਜਾਨਸ਼ੀਨਾਂ ਦਾ ਮੀਆਂ ਚਨੂੰ (ਜ਼ਿਲ੍ਹਾ ਖਾਨੇਵਾਲ, ਪਾਕਿਸਤਾਨ) ਤੋਂ ਖੁਰਾ ਲੱਭ ਕੇ ਉਨ੍ਹਾਂ ਨੂੰ ਮਨਸੂਰ ਸਾਹਿਬ ਦੇ ਸ਼ਾਗਿਰਦਾਂ ਨਾਲ ਜੁਗਲਬੰਦੀ ਕਰਨ ਦਾ ਸੱਦਾ ਦਿੱਤਾ। ਸਭ ਇੰਤਜ਼ਾਕ ਹੋ ਗਏ, ਪਰ ਆਖ਼ਰੀ ਮੌਕੇ ਸੰਘ ਪਰਿਵਾਰ ਦੀਆਂ ਜਥੇਬੰਦੀਆਂ ਨੇ ਸਾਰਾ ਪ੍ਰੋਗਰਾਮ ਵੀਟੋ ਕਰ ਦਿੱਤਾ। ਗ਼ਲਤੀ ਸ਼ਾਇਦ ਪ੍ਰਬੰਧਕਾਂ ਦੀ ਸੀ। ਉਹ ਅਨੂਠੀ ਜੁਗਲਬੰਦੀ ਦੀ ਸੰਭਾਵਨਾ ਦੇ ਚਾਅ ਵਿੱਚ ਇਸ ਹਕੀਕਤ ਨੂੰ ਵਿਸਾਰ ਬੈਠੇ ਕਿ ਹੁਬਲੀ-ਧਾਰਵਾੜ ਜ਼ਿਲ੍ਹਾ, ਕਰਨਾਟਕ ਦੀ ਫ਼ਿਰਕੂ ਰਾਜਧਾਨੀ ਵੀ ਹੈ। ਮਿਸਾਲਾਂ ਇੱਥੇ ਮੁੱਕਣ ਵਾਲੀਆਂ ਨਹੀਂ। ਸੰਘ ਪਰਿਵਾਰ ਦੀ ਸੋਚ ਦਾ ਤੜਕਾ ਹੋਰਨਾਂ ਨੂੰ ਵੀ ਲੱਗਿਆ ਹੋਇਆ ਹੈ। ਤਿਲੰਗਾਨਾ ਵਿੱਚ ਭਾਜਪਾ ਦੀ ਨਹੀਂ, ਟੀ ਆਰ ਐੱਸ ਦੀ ਸਰਕਾਰ ਹੈ, ਪਰ ਉਹ ਤੁਅੱਸਬੀ ਤੜਕੇ ਨਾਲ ਵੱਧ ਤੜਕੀ ਹੋਣ ਦਾ ਪ੍ਰਭਾਵ ਦਿੰਦੀ ਆਈ ਹੈ। ਹੈਦਰਾਬਾਦ ਉੱਤੇ ਔਰੰਗਜ਼ੇਬੀ ਜਰਨੈਲਾਂ ਦੇ ਕਬਜ਼ੇ ਤੋਂ ਪਹਿਲਾਂ 171 ਸਾਲਾਂ ਤਕ ਗੋਲਕੁੰਡਾ ਰਿਆਸਤ ਉੱਤੇ ਹਕੂਮਤ ਕਰਨ ਵਾਲੇ ਕੁਤੁਬਸ਼ਾਹੀ ਖ਼ਾਨਦਾਨ ਨਾਲ ਜੁੜੀਆਂ ਦੋ ਤਾਕਤਵਰ ਬੀਬੀਆਂ; ਮਰੀਅਮ ਬੇਗਮ ਤੇ ਹਯਾਤ ਬਖ਼ਸ਼ੀ ਬੇਗਮ ਦੇ ਮਕਬਰਿਆਂ ਦੀ ਮੁਰੰਮਤ ਅਤੇ ਸ਼ਾਨ-ਬਹਾਲੀ ਲਈ ਕਰਾਚੀ ਦੇ ਇੱਕ ਕਾਰੋਬਾਰੀ ਕਮਾਲ ਬਖ਼ਸ਼ ਸੂਫ਼ੀ ਵੱਲੋਂ ਆਈਆਂ 21-21 ਕਰੋੜ ਰੁਪਏ ਦੀਆਂ ਦੋ ਗਰਾਂਟਾਂ ਤਿਲੰਗਾਨਾ ਸਰਕਾਰ ਨੇ ਇਸ ਆਧਾਰ ਉੱਤੇ ਵਾਪਸ ਕਰ ਦਿੱਤੀਆਂ ਕਿ ਉਹ ਪਾਕਿਸਤਾਨੀਆਂ ਤੋਂ ਮਦਦ ਲੈਣ ਦੇ ਹੱਕ ਵਿੱਚ ਨਹੀਂ। ਜ਼ਹੀਰਾਬਾਦ (ਜ਼ਿਲ੍ਹਾ ਮੇਡਕ) ਵਿੱਚ ਜਨਮੇ 80 ਸਾਲਾ ਸੂਫ਼ੀ ਨੇ ਇਸਲਾਮ, ਖ਼ਾਸ ਕਰਕੇ ਕੁਤੁਬਸ਼ਾਹੀ ਖ਼ਾਨਦਾਨ ਵਿੱਚ ਔਰਤਾਂ ਦੇ ਉੱਚ ਮਰਤਬੇ ਨੂੰ ਸਾਹਮਣੇ ਲਿਆਉਣ ਲਈ ਰਕਮਾਂ ਭੇਜੀਆਂ ਸਨ। ਇਹ ਖ਼ੈਰਾਤ ਨਹੀਂ, ਅਕੀਦਤ ਸਨ, ਪਰ ਇਹ ਬਾਰੀਕੀਆਂ ਸਿਆਸੀ ਮਾਅਰਕੇਬਾਜ਼ੀ ਵਿੱਚ ਗੜੁੱਚ ਰਾਜਨੀਤੀਵਾਨਾਂ ਦੀ ਸੁਹਜ ਤੋਂ ਦੂਰ ਦੀ ਗੱਲ ਹਨ।

ਡਾ. ਰਾਹੀ ਮਾਸੂਮ ਰਜ਼ਾ ਨੇ ਤਿੰਨ ਦਹਾਕੇ ਪਹਿਲਾਂ ਲਿਖਿਆ ਸੀ ਕਿ ਵੱਖ ਵੱਖ ਧਰਮਾਂ ਵਿੱਚ ਸਮਾਨਤਾਵਾਂ ਦੀ ਮੌਜੂਦਗੀ ਜਾਂ ਸਮਧਰਮੀ ਹੋਣਾ ਹਿੰਦੋਸਤਾਨੀ ਤਹਿਜ਼ੀਬ ਦੀ ਸਭ ਤੋਂ ਵੱਡੀ ਖ਼ੂਬੀ ਹੈ। ਉਨ੍ਹਾਂ ਦਾ ਦਾਅਵਾ ਸੀ ਕਿ ਇਹ ਤਹਿਜ਼ੀਬ ਸਿਰਫ਼ ਹਿੰਦੋਸਤਾਨੀ ਹੱਦਾਂ ਦੇ ਅੰਦਰ ਸੀਮਤ ਹੈ, ਆਂਢ ਗੁਆਂਢ ਵਿੱਚ ਨਹੀਂ। ਹੁਣ ਜੋ ਕੁਝ ਵਾਪਰ ਰਿਹਾ ਹੈ, ਉਹ ਡਾ. ਰਜ਼ਾ ਦੀ ਸੋਚ ਨੂੰ ਗ਼ਲਤ ਸਾਬਤ ਕਰਦਾ ਜਾਪਦਾ ਹੈ। ਹੁਣ ਦੇ ਹੁਕਮਰਾਨ, ਚਾਹੇ ਕਿਸੇ ਵੀ ਸਿਆਸੀ ਜਮਾਤ ਨਾਲ ਸੰਬੰਧਤ ਹੋਣ, ਸੁਰਜੀਤ ਪਾਤਰ ਦੇ ਸ਼ਿਅਰ 'ਕਿਉਂ ਕਿਤੇ ਮਿਲਦਾ ਨਹੀਂ ਘੁੱਟ ਮੋਹ ਦਾ ਪਾਣੀ ਪੀਣ ਨੂੰ/ ਹਰ ਨਗਰ ਹਰ ਸ਼ਹਿਰ ਹੁਣ ਕਰਬਲਾ ਕਿਉਂ ਹੋ ਗਿਆ' ਅੱਖਰ-ਬਾ-ਅੱਖਰ ਨੂੰ ਸੱਚਾ ਸਾਬਤ ਕਰਨ ਲਈ ਦ੍ਰਿੜ੍ਹ ਜਾਪਦੇ ਹਨ। ਇਹੋ ਸਾਡੇ ਯੁੱਗ ਦੀ ਤ੍ਰਾਸਦੀ ਹੈ।

# ਕਮਾਈ ਆਪੋ ਆਪਣੀ....

ਹਥਲੇ ਲੇਖ ਵਿਚ ਵਰਣਨ ਕੀਤੀਆਂ ਜਾ ਰਹੀਆਂ ਦੋਵੇਂ ਘਟਨਾਵਾਂ ਗ਼ਰੀਬੀ ਹੰਢਾ ਰਹੇ ਦੋ ਜਿਊੜਿਆਂ ਦੀਆਂ ਹਨ, ਜਿਨ੍ਹਾਂ ਦੇ ਸਿਰੜ ਤੇ ਸਿਦਕ-ਭਰੋਸੇ ਅੱਗੇ ਸਿਰ ਝੁਕਦਾ ਹੈ। ਪਹਿਲੀ ਵਾਰਤਾ ਤਾਂ ਨਵੀਂ ਤਾਜ਼ੀ ਹੈ, ਜਿਸ ਸਦਕਾ ਮੈਨੂੰ ਦੂਜੀ ਘਟਨਾ ਯਾਦ ਆਈ ਜੋ ਕਿ ਸੰਨ 1965 ਤੋਂ ਬਾਅਦ ਕਿਸੇ ਸਾਲ ਵਿਚ ਵਾਪਰੀ ਸੀ। ਦੋਹਾਂ ਦੇ ਨਾਇਕ, ਪਾਤਰ ਅਤੇ ਸਮਾਂ-ਸਥਾਨ ਬੇਸ਼ੱਕ ਅਲੱਗ ਅਲੱਗ ਹਨ, ਪਰ ਸਿੱਟਾ ਦੋਹਾਂ ਦਾ ਇਕੋ ਹੀ ਨਿਕਲਦਾ ਹੈ। ਦੋਵੇਂ ਕਥਾਵਾਂ ਇਕ ਦੂਜੀ ਦੀਆਂ ਪੂਰਕ ਹੀ ਹੋ ਨਿਬੜਦੀਆਂ ਹਨ।

ਸ਼ਹਿਰ ਦੀ ਅਮੀਰ ਮੰਨੀ ਜਾਂਦੀ ਕਾਲੋਨੀ ਵਿਚ ਰਹਿੰਦੇ ਮੇਰੇ ਭਰਾ ਦੀ ਕੋਠੀ ਤੋਂ ਰਤਾ ਹਟਵੀਂ ਇਕ ਹੋਰ ਕੋਠੀ ਦੇ ਬਗਲ ਤੋਂ ਬਾਹਰ ਸੜਕ ਦੇ ਕਿਨਾਰੇ, ਆਰਜ਼ੀ ਜਿਹਾ ਅੱਡਾ-ਗੱਡਾ ਬਣਾ ਕੇ ਇਕ ਬਿਹਾਰੀ ਧੋਬੀ ਬੈਠਾ ਹੈ ਜੋ ਕਪੜੇ ਧੋਣ ਅਤੇ ਪ੍ਰੈੱਸ ਕਰਨ ਦਾ ਕਿੱਤਾ ਅਪਣਾ ਕੇ ਅਪਣੇ ਪ੍ਰਵਾਰ ਦਾ ਜੀਵਨ ਨਿਰਬਾਹ ਚਲਾ ਰਿਹਾ ਹੈ। ਵਰ੍ਹਿਆਂ ਤੋਂ ਬੈਠੇ ਇਸ ਧੋਬੀ ਤੋਂ ਆਸ-ਪਾਸ ਦੇ ਨੌਕਰੀਪੇਸ਼ਾ ਲੋਕ ਸੁਬਹ-ਸਵੇਰੇ ਕਪੜੇ ਪ੍ਰੈੱਸ ਕਰਵਾਉਣ ਲਈ ਚੰਗਾ ਰਸ਼ ਪਾਈ ਰਖਦੇ ਨੇ।

ਭਰਾ ਦੇ ਦੱਸਣ ਅਨੁਸਾਰ ਇਕ ਦਿਨ ਉਹ ਅਪਣੇ ਅਤੇ ਬੱਚਿਆਂ ਦੇ ਕਪੜੇ ਪ੍ਰੈੱਸ ਕਰਵਾਉਣ ਲਈ ਉਸ ਧੋਬੀ ਕੋਲ ਗਿਆ। ਨਾਲ ਹੀ ਉਸ ਦਾ ਕੁੱਝ ਪਿਛਲਾ ਰਹਿੰਦਾ ਮਿਹਨਤਾਨਾ ਧੋਬੀ ਨੂੰ ਜਾ ਫੜਾਇਆ। ਉਸ ਨੇ ਭਰਾ ਹੱਥੋਂ ਨੋਟ ਫੜ ਕੇ ਉਰ੍ਹਾਂ-ਪਰ੍ਹਾਂ ਕਰਦਿਆਂ ਕਰਦਿਆਂ ਬੇਧਿਆਨੀ ਜਿਹੀ ਨਾਲ ਮੇਜ਼ ਉਤੇ ਵਿਛੇ ਕਪੜੇ ਦੇ ਇਕ ਖੂੰਜੇ ਹੇਠਾਂ ਰੱਖ ਦਿਤੇ। ਜਦੋਂ ਉਹ ਇਧਰ ਉਧਰ ਹੋ ਕੇ ਕਪੜਿਆਂ ਦੀ ਫਰੋਲਾ-ਫਰਾਲੀ ਕਰਨ ਲੱਗਾ ਤਾਂ ਕੋਲ ਸੜਕ ਵਗਦੀ ਜਾਣ ਕੇ ਮੇਰੇ ਭਰਾ ਨੇ ਧੋਬੀ ਨੂੰ ਚੌਕੰਨਾ ਕਰਦਿਆਂ ਆਖਿਆ ਕਿ 'ਗਲੀ ਵਿਚ ਆਂਦਕ-ਜਾਂਦਕ ਲੱਗੀ ਰਹਿੰਦੀ ਹੈ, ਇਸ ਲਈ ਪਹਿਲਾਂ ਇਹ ਪੈਸੇ ਚੰਗੀ ਤਰ੍ਹਾਂ ਸੰਭਾਲ ਕੇ ਰੱਖ ਭਰਾਵਾ।'

ਕਹਿੰਦੇ ਉਸੇ ਬੇਫ਼ਿਕਰੀ ਦੇ ਆਲਮ ਵਿਚ ਉਹ ਥੋੜ੍ਹੀ ਗੰਭੀਰਤਾ ਵਾਲੀ ਮੁਸਕੁਰਾਹਟ ਬਿਖੇਰਦਿਆਂ ਮੇਰੇ ਭਰਾ ਨੂੰ ਕਹਿਣ ਲੱਗਾ, "ਅਰੇ ਸਰਦਾਰ ਜੀ, ਬਾਤ ਆਪ ਕੀ ਠੀਕ ਹੈ ਪਰ ਯੇਹ ਜੋ ਪੈਸੇ ਆਪ ਨੇ ਮੁਝੇ ਦੀਏ ਹੈਂ, ਯੇਹ ਮੇਰੇ ਖ਼ੂਨ-ਪਸੀਨੇ ਕੀ ਕਮਾਈ ਹੈ। ਅਗਰ ਕੋਈ ਉਠਾ ਕੇ ਲੇ ਭੀ ਗਯਾ... ਮੁਝੇ ਦੁੱਖ ਤੋ ਹੋਗਾ ਕਿ ਮੇਰੀ ਹੱਕ-ਹਲਾਲ ਕੀ ਮਿਹਨਤ ਉਡ ਗਈ...। ਚਲੋ, ਭਗਵਾਨ ਨੇ ਮੁਝੇ ਦੋ ਹਾਥ ਦੀਏ ਹੂਏ ਹੈਂ...। ਹਿੰਮਤ ਦੀ ਹੂਈ ਹੈ। ਮੈਂ ਤੋਂ ਔਰ ਕਮਾ ਲੂੰਗਾ। ਲੇਕਿਨ ਯੇਹ ਪੈਸੇ ਜਹਾਂ... ਜਿਸ ਪ੍ਰਵਾਰ ਮੇਂ ਜਾਏਂਗੇ ਨਾ...।"

ਮੇਰਾ ਭਰਾ ਦੱਸ ਰਿਹਾ ਸੀ ਕਿ ਮੈਂ ਇਕ ਬਿਹਾਰੀ ਅਨਪੜ੍ਹ ਧੋਬੀ ਦੇ ਮੂੰਹ ਤੋਂ ਫ਼ਲਸਫ਼ਾਨਾ ਅੰਦਾਜ਼ ਵਾਲੀਆਂ ਗੱਲਾਂ ਸੁਣ ਕੇ ਦੰਗ ਰਹਿ ਗਿਆ। ਉਹ ਬੜੇ ਸਿਦਕ-ਭਰੋਸੇ ਨਾਲ ਕਹਿੰਦਾ ਹੈ ਕਿ ਸਾਡੇ ਵਰਗੇ ਹੱਡ-ਭੰਨਵੀਂ ਮਿਹਨਤ ਕਰਨ ਵਾਲੇ ਗ਼ਰੀਬਾਂ ਦੀ ਕਮਾਈ, ਜੇ ਕੋਈ ਛਲ-ਕਪਟ ਨਾਲ ਲੈ ਵੀ ਜਾਵੇ ਤਾਂ ਉਸ ਨੂੰ ਰਾਸ ਨਹੀਂ ਆਏਗੀ ਸਗੋਂ ਉਸ ਦਾ ਬੇੜਾ ਗਰਕ ਕਰ ਕੇ ਬਰਬਾਦੀ ਦਾ ਕਾਰਨ ਹੀ ਬਣੇਗੀ।

ਭਰਾ ਦੱਸੇ ਕਿ ਮੈਂ ਇਹ ਗਜ਼ਬ ਦੀ ਹਕੀਕਤ ਸੁਣ ਕੇ ਸੁੰਨ ਹੋਇਆ ਖੜਾ ਗ਼ਰੀਬ ਧੋਬੀ ਦੇ ਮੂੰਹ ਵਲ ਨੂੰ ਹੀ ਵੇਖਦਾ ਰਹਿ ਗਿਆ। ਟੀ.ਵੀ. ਚੈਨਲਾਂ ਉਤੇ ਚਲਦੇ ਅਧਿਆਤਮਵਾਦੀ ਕਥਾ-ਵਖਿਆਨਾਂ ਨੇ ਮੈਨੂੰ ਕਦੇ ਏਨਾ ਪ੍ਰਭਾਵਤ ਨਹੀਂ ਕੀਤਾ, ਜਿੰਨਾ ਉਸ ਗ਼ਰੀਬ ਕਿਰਤੀ ਦੇ ਸਹਿਜ-ਸੁਭਾਅ ਕਹੇ ਬੋਲਾਂ ਨੇ ਮੈਨੂੰ ਸੋਚਣ ਲਈ ਮਜਬੂਰ ਕੀਤਾ। ਮੈਨੂੰ ਖੜੇ ਖੜੇ ਇਕ ਬੁੱਧੀਵਾਨ ਦਾ ਕਥਨ ਯਾਦ ਆਇਆ ਕਿ 'ਜਿਸ ਕਮਾਈ ਉਤੇ ਤੁਹਾਡਾ ਪਸੀਨਾ ਨਹੀਂ ਵਗਿਆ, ਉਹ ਤੁਹਾਡੇ ਨਾਲ ਵਫ਼ਾ ਨਹੀਂ ਕਰੇਗੀ।'

ਡੂੰਘੇ ਅਰਥਾਂ ਵਾਲੀ ਇਹ ਵਾਰਤਾ ਸੁਣਦਿਆਂ ਮੈਨੂੰ ਅਪਣੇ ਘਰ ਦੀ ਉਹ ਘਟਨਾ ਯਾਦ ਆ ਗਈ ਜੋ ਕਿ ਸੰਨ ਪੈਂਹਠ ਦੇ ਅੱਗੜ-ਪਿਛੜ ਕਿਸੇ ਸਾਲ ਵਿਚ ਸਾਡੇ ਭਾਈਆ ਜੀ ਨਾਲ ਵਾਪਰੀ ਸੀ। ਗਾਹੇ-ਬ-ਗਾਹੇ ਘਰੇਲੂ ਵਰਤੋਂ ਦਾ ਸਮਾਨ ਤੇ ਹੋਰ ਕੋਈ ਕਪੜਾ-ਲੱਤਾ ਲੈਣ ਵਾਸਤੇ ਭਾਈਆ ਜੀ ਅਕਸਰ ਸਾਈਕਲ ਉਤੇ ਨਵਾਂਸ਼ਹਿਰ ਜਾਂਦੇ ਹੁੰਦੇ ਸਨ।

ਇਸੇ ਤਰ੍ਹਾਂ ਇਕ ਵਾਰ ਉਹ ਸਵੇਰੇ ਸਵੇਰੇ ਘਰੇਲੂ ਕੰਮਕਾਜ ਨਬੇੜ ਕੇ ਨਵਾਂਸ਼ਹਿਰ ਤੋਂ ਸੌਦੇ-ਪੱਤੇ ਲਿਆਉਣ ਲਈ ਤਿਆਰ ਹੋ ਗਏ। ਸਾਈਕਲ ਦੇ ਕੈਰੀਅਰ ਉਤੇ ਝੋਲੇ ਵਗ਼ੈਰਾ ਬੰਨ੍ਹ ਕੇ ਉਹ ਨਹਿਰੇ ਪੈ ਗਏ। ਇੰਜ ਨਵੇਂ ਸ਼ਹਿਰ ਗਏ ਹੋਏ ਉਹ ਅਕਸਰ ਸ਼ਾਮ ਪਈ ਘਰ ਮੁੜਦੇ ਹੁੰਦੇ ਸਨ ਪਰ ਉਸ ਦਿਨ ਉਨ੍ਹਾਂ ਸਾਨੂੰ ਸਾਰੇ ਟੱਬਰ ਨੂੰ ਹੈਰਾਨ ਕਰ ਦਿਤਾ ਜਦ ਅਸੀ ਵੇਖਿਆ ਕਿ ਘਰ ਤੋਂ ਤੁਰਨ ਤੋਂ ਚਾਰ ਕੁ ਘੰਟਿਆਂ ਬਾਅਦ ਹੀ ਉਨ੍ਹਾਂ ਘਰ ਅੱਗੇ ਆ ਕੇ ਸਾਈਕਲ ਦੀ ਘੰਟੀ ਖੜਕਾ ਦਿਤੀ। ਅਸੀ ਸਾਰੇ ਇਕਦਮ ਭੱਜ ਕੇ ਬਾਹਰ ਆ ਗਏ। ਉਨ੍ਹਾਂ ਦਾ ਹੁਲੀਆ ਵੇਖ ਕੇ ਸਾਡੇ ਸੱਭ ਦੇ ਸਾਹ ਸੂਤੇ ਗਏ। ਉਘੜ-ਦੁਘੜੀ ਜਿਹੀ ਹੋਈ ਪੱਗ, ਮਿੱਟੀ-ਗਾਰੇ ਨਾਲ ਲਿਬੜੇ, ਸਲ੍ਹਾਬੇ ਜਿਹੇ ਹੋਏ ਉਨ੍ਹਾਂ ਦੇ ਕਪੜੇ ਅਤੇ ਘਬਰਾਇਆ ਚਿਹਰਾ ਵੇਖ ਕੇ ਅਸੀ ਠਠੰਬਰ ਗਏ ਕਿ ਇਹ ਕੀ ਭਾਣਾ ਵਾਪਰ ਗਿਆ ਹੋਵੇਗਾ? ਬਹੁਤ ਨਿਮਰ ਸੁਭਾਅ ਵਾਲੀ ਸਾਡੀ ਮਾਂ ਤਾਂ ਰੋਣਹਾਕੀ ਜਿਹੀ ਹੋ ਕੇ 'ਕੀ ਹੋਇਆ ਕੀ ਹੋਇਆ?' ਕਰਦੀ ਇਕ ਤਰ੍ਹਾਂ ਨਾਲ ਸਾਈਕਲ ਦੇ ਹੈਂਡਲ ਉਤੇ ਡਿੱਗ ਹੀ ਪਈ।

'ਕੁਛ 'ਨੀਂ ... ਬਚਾਅ ਹੋ ਗਿਆ।" ਸਾਈਕਲ ਕੰਧ ਨਾਲ ਲਾ ਕੇ ਕਮੀਜ਼ ਛੰਡਦਿਆਂ ਭਾਈਆ ਜੀ ਮੰਜੇ ਉਤੇ ਬੈਠ ਗਏ ਅਤੇ ਸਾਨੂੰ ਧੀਰਜ ਬਨ੍ਹਾਈ। ਉਨ੍ਹਾਂ ਦੇ ਪੈਰਾਂ 'ਚੋਂ ਜੁੱਤੀ ਵੀ ਗ਼ਾਇਬ ਵੇਖ ਕੇ ਅਸੀ ਹੋਰ ਹੱਕੇ ਬੱਕੇ ਹੋ ਗਏ। ਹੈਰਤਅੰਗੇਜ਼ ਹੋਇਆ ਸਾਰਾ ਟੱਬਰ ਵੱਡੀ ਉਤਸੁਕਤਾ ਨਾਲ ਭਾਈਆ ਜੀ ਨਾਲ ਵਾਪਰੀ ਅਣਹੋਣੀ ਸੁਣਨ ਲਈ ਉਤਾਵਲਾ ਪੈ ਰਿਹਾ ਸੀ। ਭਾਈਆ ਜੀ ਦੇ ਮੂੰਹ ਤੋਂ ਸਾਰਾ ਵੇਰਵਾ ਸੁਣ ਕੇ ਸਾਡੇ ਲੂ ਕੰਡੇ ਖੜੇ ਹੋ ਗਏ। ਸਾਡੀ ਮਾਂ ਹੱਥ ਜੋੜ ਕੇ ਦਾਤੇ ਦਾ ਸ਼ੁਕਰਾਨਾ ਕਰਨ ਲੱਗੀ ਕਿ ਉਸ ਦੇ ਸਿਰ ਦਾ ਸਾਈਂ ਸਹੀ ਸਲਾਮਤ ਬਚ ਕੇ ਆ ਗਿਆ ਹੈ।

ਹੋਇਆ ਅਸਲ 'ਚ ਇਹ ਕਿ ਸਾਡੇ ਪਿੰਡ ਤੋਂ ਨਵਾਂਸ਼ਹਿਰ ਨੂੰ ਜਾਣ ਲਈ ਆਮ ਤੌਰ ਤੇ ਬਿਸਤ ਦੁਆਬ ਨਹਿਰ ਕੰਢੇ 6-7 ਮੀਲ ਸਫ਼ਰ ਕਰਨਾ ਪੈਂਦਾ ਹੈ। ਪਿੰਡ ਸੁਬਾਜਪੁਰ ਦੇ ਜਿਸ ਪੁਲ ਤੋਂ ਨਹਿਰ ਛੱਡ ਕੇ ਹੋਰ ਰਾਹ ਪੈਣਾ ਹੁੰਦਾ ਹੈ, ਉਸ ਪੁਲ ਉਤੇ ਹੈੱਡਵਰਕਸ ਬਣਿਆ ਹੋਇਆ ਸੀ ਜਿਥੋਂ ਖੱਬੇ-ਸੱਜੇ ਨੂੰ ਰਜਬਾਹੇ ਨਿਕਲਦੇ ਹਨ। ਨਹਿਰ ਦੇ ਪਾਣੀ ਦੀ ਰਫ਼ਤਾਰ ਰੋਕਣ ਲਈ ਪੁਲ ਦੇ ਅੱਗੇ ਰੋਕਾਂ ਬਣੀਆਂ ਹੋਈਆਂ ਹਨ ਜਿਨ੍ਹਾਂ 'ਚ ਵੱਜ ਕੇ ਪਾਣੀ ਰਿੜਕ ਜਿਹਾ ਹੁੰਦਿਆਂ 'ਝਲਾਰ' ਬਣਦੀ ਹੈ। ਉਨ੍ਹਾਂ ਦਿਨਾਂ ਵਿਚ ਉਥੇ ਫੁੱਲ-ਬੂਟੇ ਲਾ ਕੇ ਉਹ ਥਾਂ ਖ਼ੂਬ ਸਜਾਈ ਹੁੰਦੀ ਸੀ। ਨਹਿਰ 'ਚ ਉਤਰਦੀਆਂ ਪੌੜੀਆਂ ਦੋਹੇਂ ਪਾਸੀਂ ਬਣੀਆਂ ਹੋਈਆਂ ਹਨ, ਜਿਨ੍ਹਾਂ ਥਾਣੀ ਉਤਰ ਕੇ ਰਾਹੀ-ਮੁਸਾਫ਼ਰ ਜਾਂ ਪੱਠੇ-ਦੱਥੇ ਵਾਲੀਆਂ ਬੀਬੀਆਂ ਪਾਣੀ ਪੀ ਲੈਂਦੀਆਂ ਸਨ। ਉਸ ਦਿਨ ਸਾਡੇ ਭਾਈਆ ਜੀ ਵੀ ਉਥੇ ਪਾਣੀ ਪੀਣ ਲਈ ਉਤਰੇ, ਪਰ ਪੌੜੀਆਂ ਤੋਂ ਪੈਰ ਤਿਲਕਣ ਕਰ ਕੇ ਧੜੰਮ ਨਹਿਰ 'ਚ ਡਿੱਗ ਪਏ।

ਪੁਲ ਦੇ ਅੱਗੇ ਪਾਣੀ ਦੀ ਡੂੰਘਾਈ ਵੀ ਅੱਠ-ਦਸ ਫੁੱਟ ਅਤੇ ਵਹਾਅ ਵੀ ਤੇਜ਼। ਉੱਭੜਵਾਹੇ ਡਿੱਗਣ ਕਰ ਕੇ ਗੋਤੇ ਵੀ ਚੰਗੇ ਆ ਗਏ ਪਰ ਚੰਗੀ ਕਿਸਮਤ ਨੂੰ ਉਨ੍ਹਾਂ ਦਾ ਰੌਲਾ ਸੁਣ ਕੇ ਉਥੋਂ ਲੰਘਦੇ ਇਕ ਬੰਦੇ ਨੇ ਫ਼ਟਾਫ਼ਟ ਅਪਣੀ ਪੱਗ ਭਾਈਆ ਜੀ ਵਲ ਵਗਾਹੀ ਜਿਸ ਸਦਕਾ ਉਨ੍ਹਾਂ ਨੂੰ ਨਹਿਰ 'ਚੋਂ ਖਿੱਚ ਕੇ ਬਾਹਰ ਕਢਿਆ ਗਿਆ।

ਸਾਰਾ ਬਿਰਤਾਂਤ ਸੁਣਾ ਕੇ ਜਦੋਂ ਭਾਈਆ ਜੀ ਨੇ ਇਹ ਦਸਿਆ ਕਿ ਉਨ੍ਹਾਂ ਦਾ ਬਟੂਆ ਅਤੇ ਜੁੱਤੀ ਨਹਿਰ ਵਿਚ ਹੀ ਡਿੱਗ ਪਏ ਤਾਂ ਸਾਡੀ ਮਾਤਾ ਨੂੰ ਪੈਸੇ ਜਾਣ ਦਾ ਝੋਰਾ ਖਾਣ ਲੱਗਾ। ਉਨ੍ਹਾਂ ਦਿਨਾਂ ਵਿਚ 50-60 ਰੁਪਏ ਵੀ ਅੱਜ ਦੇ ਅੱਠ-ਦਸ ਹਜ਼ਾਰ ਦੇ ਬਰਾਬਰ ਹੁੰਦੇ ਸਨ। ਜਦੋਂ ਬੀਬੀ ਜੀ ਬਹੁਤੀ ਹੀ ਚਿੰਤਾ ਕਰਦਿਆਂ ਕਹਿਣ ਲੱਗੇ ਕਿ 'ਹੁਣ ਖ਼ਰਚਾ ਕਿਥੋਂ ਕਰਨੈ?' ਤਾਂ ਭਾਈਆ ਜੀ ਬੜੇ ਠਰੰਮੇ ਨਾਲ ਕਹਿਣ, "ਜੇ ਉਹ ਪੈਸੇ ਸਾਡੇ ਹੀ ਹੋਏ ਤਾਂ ਕਿਤੇ ਨਹੀਂ ਜਾਂਦੇ। ਸਾਨੂੰ ਜ਼ਰੂਰ ਮਿਲ ਜਾਣਗੇ।" ਰੁੜ੍ਹ ਗਏ ਪੈਸਿਆਂ ਨੂੰ ਝੁਰਦੀ ਅਤੇ ਗ਼ਰੀਬੀ ਕਾਰਨ ਦੁਖੀ ਹੁੰਦਿਆਂ ਜਦੋਂ ਸਾਡੀ ਮਾਂ ਕਹਿੰਦੀ, "ਨਹਿਰਾਂ 'ਚੋਂ ਤਾਂ ਡੁੱਬੇ ਹੋਏ ਬੰਦਿਆਂ ਦੀਆਂ ਲਾਸ਼ਾਂ ਨਹੀਂ ਲਭਦੀਆਂ ਹੁੰਦੀਆਂ... ਤੇਰਾ ਬਟੂਆ ਕਿਥੇ ਲੱਭਣੈ ਸਰਦਾਰ ਜੀ!" ਤਾਂ ਭਾਈਆ ਜੀ ਅਪਣੇ ਵਿਸ਼ਵਾਸ ਦੇ ਪੱਖ ਵਿਚ ਇਹ ਸਤਰਾਂ ਪੜ੍ਹਦੇ-

'ਕਬੀਰ ਕਮਾਈ ਆਪਣੀ ਬਿਰਥੀ ਕਦੇ ਨਾ ਜਾਏ।

ਸੱਤ ਸਮੁੰਦਰ ਟੱਪ ਜਏ ਫਿਰ ਵੀ ਮਿਲਦੀ ਆਏ।'

(ਇਹ ਗੁਰਬਾਣੀ ਦਾ ਸ਼ਲੋਕ ਨਹੀਂ)

ਦਸ ਕੁ ਦਿਨਾਂ ਬਾਅਦ ਨਹਿਰ ਦਾ ਪਾਣੀ ਲੱਥੇ ਤੋਂ ਭਾਈਆ ਜੀ ਨੇ ਚੁੱਕਿਆ ਸਾਈਕਲ ਤੇ ਜਾ ਪਹੁੰਚੇ ਸੁਬਾਜਪੁਰ ਦੇ ਪੁਲ ਉੱਤੇ। ਹੈੱਡ ਉਤੇ ਡਿਊਟੀ ਕਰਦੇ ਪਨਸਾਲੀਏ ਨੂੰ ਮਿਲੇ ਜਿਸ ਨੂੰ ਉਹ ਉਸ ਦਿਨ ਅਪਣਾ ਬਟੂਆ ਡਿੱਗਣ ਬਾਰੇ ਦੱਸ ਆਏ ਸਨ। "ਗਿਆਨੀ ਜੀ ਪਾਣੀ ਤਾਂ ਕਲ ਸ਼ਾਮ ਦਾ ਹੀ ਉਤਰਿਆ ਹੋਇਐ।", ਤਸੱਲੀ ਨਾਲ ਬੋਲਦਿਆਂ ਪਨਸਾਲੀਆ ਭਾਈਆ ਜੀ ਨੂੰ ਅਪਣੇ ਕਮਰੇ 'ਚ ਲੈ ਗਿਆ ਜਿੱਥੇ ਉਸ ਨੇ ਭਿੱਜੇ ਬਟੂਏ ਵਿਚੋਂ ਨੋਟ ਕੱਢ ਕੇ ਪੁਰਾਣੀ ਅਖ਼ਬਾਰ ਉਤੇ ਸੁਕਣੇ ਪਾਏ ਹੋਏ ਸਨ। ਉਸ ਈਮਾਨਦਾਰ ਮੁਲਾਜ਼ਮ ਦਾ ਸ਼ੁਕਰਾਨਾ ਕਰਦਿਆਂ ਭਾਈਆ ਜੀ 'ਅਪਣੀ ਕਮਾਈ' ਲੈ ਕੇ ਕਿਸੇ ਜੇਤੂ ਖਿਡਾਰੀ ਵਾਂਗ ਮੁਸਕੁਰਾਉਂਦੇ ਘਰ ਆ ਗਏ!!

# ਤ੍ਰਾਸਦੀ ਦੇ ਦੋ ਦਹਾਕੇ ਬਾਅਦ ਵੀ ਦਿੱਲੀ ਤਖ਼ਤ ਦਾ ਭਰੋਸਾ ਨਹੀਂ ਜਿੱਤ ਸਕਿਆ

ਪੰਜਾਬ ਉਹ ਸੂਬਾ ਹੈ, ਜਿਸ ਨੂੰ 'ਗੁਰੂਆਂ ਪੀਰਾਂ ਦੀ ਧਰਤੀ' ਹੋਣ ਦੇ ਨਾਲ-ਨਾਲ 'ਭਾਰਤਵਰਸ਼ ਦਾ ਅੰਨ ਭੰਡਾਰ' ਹੋਣ ਦਾ ਵੀ ਮਾਣ ਹਾਸਲ ਹੈ। 'ਪੰਜਾਬ' ਸ਼ਬਦ ਕਿਸੇ ਦੇ ਮੂੰਹ 'ਚੋਂ ਸੁਣਦਿਆਂ ਹੀ ਹੱਸਦੇ-ਨੱਚਦੇ ਗੱਭਰੂ, ਖਿੜਦੀਆਂ ਮੁਟਿਆਰਾਂ ਅਤੇ ਸੁਨਹਿਰੀ ਕਣਕ ਦੇ ਸਿੱਟਿਆਂ ਦੇ ਲਹਿਰਾਉਣ ਦੀ ਤਸਵੀਰ ਅੱਖਾਂ ਮੂਹਰੇ ਆ ਜਾਂਦੀ ਹੈ। ਪਰ ਇਸ ਹੱਸਦੇ ਪੰਜਾਬ ਦੀ ਭੂਗੋਲਿਕ ਸਥਿਤੀ ਵੱਲੋਂ ਇਸ ਦੀ ਕਿਸਮਤ ਨਾਲ ਇਕ ਹੋਰ ਪਹਿਲੂ ਬੰਨ੍ਹਦਿਆਂ ਪੁਰਾਤਨ ਸਮੇਂ ਤੋਂ ਹੀ ਵਿਦੇਸ਼ੀ ਹਮਲਾਵਰਾਂ ਦੇ ਲਾਂਘੇ ਦੀ ਮਾਰ ਇਸ ਨੂੰ ਝੱਲਣ ਲਈ ਮਜਬੂਰ ਕਰ ਦਿੱਤਾ। ਮੰਗੋਲਾਂ, ਤੁਰਕਾਂ, ਮੁਗਲਾਂ, ਅੰਗਰੇਜ਼ਾਂ ਆਦਿ ਧਾੜਵੀਆਂ ਦੀ ਹਿੰਦ-ਮਾਰ ਸਮੇਂ ਜੇਕਰ ਕਿਸੇ ਨੇ ਸਭ ਤੋਂ ਵੱਧ ਗਵਾਇਆ ਤਾਂ ਉਹ ਸਨ ਪੰਜਾਬੀ, ਪਰ ਇਨ੍ਹਾਂ ਮਾਰਾਂ ਨੇ ਉਨ੍ਹਾਂ ਦੇ ਸੁਭਾਅ 'ਚ ਉਹ ਸਿਰੜ ਭਰ ਦਿੱਤਾ ਜਿਸ ਦੇ ਆਸਰੇ ਕੀਤੀਆਂ ਕੁਰਬਾਨੀਆਂ ਨਾਲ ਸੰਨ 1947 'ਚ ਹਿੰਦੁਸਤਾਨ ਆਜ਼ਾਦ ਹੋਇਆ। ਠੰਢੀ ਹਨੇਰੀ ਰਾਤ ਮਗਰੋਂ ਆਜ਼ਾਦ ਹਿੰਦੁਸਤਾਨ 'ਚ ਚੜ੍ਹਨ ਵਾਲੀ ਨਿੱਘੀ ਸਵੇਰ ਦੇ ਸੁੱਖ ਹੰਢਾਉਣ ਦੇ ਹੋਰਨਾਂ ਵਾਂਗ ਪੰਜਾਬੀਆਂ ਦੇ ਵੀ ਸੁਪਨੇ ਸਨ ਪਰ ਇਸ ਸਵੇਰ ਦੇ ਤੜਕਸਾਰ ਹੀ 'ਹੋਣੀ' ਨੇ ਉਨ੍ਹਾਂ ਨੂੰ ਉਜਾੜ ਸੁੱਟਿਆ, ਇਕੋ ਸੱਥ 'ਚ ਖੇਡੇ ਇਕ-ਦੂਸਰੇ ਦੇ ਲਹੂ ਦੇ ਪਿਆਸੇ ਬਣ ਗਏ ਅਤੇ ਪਾਕਿਸਤਾਨ ਹੋਂਦ 'ਚ ਆ ਗਿਆ। ਵਕਤ ਦਾ ਪਹੀਆ ਗਿੜਿਆ ਅਤੇ ਪੰਜਾਬੀਆਂ ਦੀ ਗੱਡੀ ਫਿਰ ਪੱਟੜੀ 'ਤੇ ਚੜ੍ਹ ਗਈ ਪਰ ਥੋੜ੍ਹਾ ਸਮਾਂ ਹੀ ਬੀਤਿਆ ਤੇ ਫਿਰ ਕਾਲੀ ਬੋਲੀ ਹਨੇਰੀ ਨੇ ਆਣ ਘੇਰਿਆ। ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਕੀਤੀ ਗਈ ਅਤੇ ਆਪਣਾ ਹਿੰਦੁਸਤਾਨ ਸਮਝਕੇ ਸੂਬੇ ਤੋਂ ਬਾਹਰ ਵਸਦੇ ਪੰਜਾਬੀਆਂ ਨਾਲ ਦੁਸ਼ਮਣਾਂ ਤੋਂ ਵੀ ਘਟੀਆ ਵਿਵਹਾਰ ਕੀਤਾ ਗਿਆ। ਹੱਸਦੇ-ਵੱਸਦੇ ਮੁੱਛ-ਫੁੱਟਾਂ ਦੇ ਗਲਾਂ 'ਚ ਅੱਤਵਾਦੀ ਹੋਣ ਦੀ ਤਖ਼ਤੀ ਪਾ ਕੇ ਉਨ੍ਹਾਂ ਨੂੰ ਹਿੰਸਕ ਹੋਣ ਲਈ ਉਕਸਾਇਆ ਗਿਆ ਅਤੇ ਫਿਰ ਖਾਕੀ ਵਰਦੀ ਪਾਈ ਉਨ੍ਹਾਂ ਦੇ ਆਪਣੇ ਹੀ ਭਰਾਵਾਂ ਨਾਲ ਖ਼ੂਨੀ ਖੇਡਾਂ ਕਰਵਾਈਆਂ ਗਈਆਂ। ਦੋ ਦਹਾਕਿਆਂ ਤੋਂ ਵੱਧ ਸਮਾਂ ਪੰਜਾਬ ਦਾ ਲਹੂ ਡੁੱਲ੍ਹਦਾ ਰਿਹਾ ਅਤੇ ਸਮੇਂ ਦੀ ਡੈਣ ਬਨੇਰੇ ਬੈਠ ਤਮਾਸ਼ਾ ਵੇਖਦੀ ਰਹੀ। ਅੰਤ ਜਦੋਂ ਗਵਾਉਣ ਜੋਗਾ ਕੁਝ ਨਾ ਰਿਹਾ ਤਾਂ ਲੋਕਤੰਤਰ ਦਾ ਕਥਿਤ ਸਵਾਂਗ ਰਚਦਿਆਂ 1992 'ਚ ਆਮ ਚੋਣਾਂ ਕਰਵਾਈਆਂ ਗਈਆਂ ਪਰ ਜਨਤਾ ਨੇ ਰੋਸ ਜ਼ਾਹਰ ਕਰਦਿਆਂ ਕੇਵਲ 9-10 ਕੁ ਪ੍ਰਤੀਸ਼ਤ ਹੀ ਮੱਤਦਾਨ ਕੀਤਾ। ਸਮਾਂ ਤੁਰਿਆ ਤਾਂ ਜ਼ਖ਼ਮਾਂ 'ਤੇ ਸਰੱਕੜ ਆਉਣੇ ਵੀ ਸ਼ੁਰੂ ਹੋ ਗਏ। ਉਸ ਤ੍ਰਾਸਦੀ ਨੂੰ ਗੁਜ਼ਰੇ ਅੱਜ ਦੋ ਦਹਾਕੇ ਹੋ ਚੁੱਕੇ ਹਨ ਅਤੇ 20 ਸਾਲਾਂ 'ਚ ਪੰਜਾਬੀਆਂ ਨੇ ਸਭ ਹੱਡ ਬੀਤੀਆਂ ਭੁੱਲ ਕੇ ਦਰਿਆਦਿਲੀ ਨਾਲ ਭਾਰਤੀ ਲੋਕਤੰਤਰ 'ਚ ਵੀ ਵਿਸ਼ਵਾਸ ਪ੍ਰਗਟਾਉਣਾ ਸ਼ੁਰੂ ਕਰ ਦਿੱਤਾ ਹੈ, ਜਿਸ ਦੀ ਮਿਸਾਲ ਹਾਲ ਹੀ ਵਿਚ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ 'ਚ ਰਿਕਾਰਡ 79 ਪ੍ਰਤੀਸ਼ਤ ਦੇ ਕਰੀਬ ਵੋਟ ਦਾ ਭੁਗਤਾਨ ਹੋਣਾ ਹੈ। ਪੰਜਾਬੀਆਂ ਨੇ ਤਾਂ ਲੋਕਤੰਤਰ ਦਾ ਮਾਣ ਰੱਖਿਆ ਹੈ ਪਰ ਇਸ ਲੋਕਤੰਤਰ ਦੇ ਅਖੌਤੀ ਰਾਖੇ ਪੰਜਾਬ ਨੂੰ ਮਾਣ ਦੇਣ ਦੇ ਸੰਦਰਭ 'ਚ ਅਜੇ ਘੇਸ ਵੱਟੀ ਬੈਠੇ ਹਨ ਅਤੇ ਪੰਜਾਬ ਨਾਲ ਅਜੇ ਵੀ ਬੇਭਰੋਸਗੀ ਵਾਲਾ ਵਿਵਹਾਰ ਕਰਦਿਆਂ ਇਸ ਦਾ ਅਸ਼ਾਂਤ ਖੇਤਰ ਵਜੋਂ ਦਰਜਾ ਰੱਦ ਨਹੀਂ ਕਰ ਰਹੇ, ਜਿਸ ਦੇ ਚਲਦਿਆਂ ਵਿਦੇਸ਼ਾਂ 'ਚ ਭਾਰਤੀ ਸਫਾਰਤਖਾਨਿਆਂ 'ਚ ਪੰਜਾਬ ਨੂੰ ਅੱਜ ਵੀ ਅਸ਼ਾਂਤ ਸੂਬਾ ਮੰਨਿਆ ਜਾ ਰਿਹਾ ਹੈ ਅਤੇ ਵਿਕਸਤ ਦੇਸ਼ਾਂ ਵੱਲੋਂ ਆਪਣੇ ਨਾਗਰਿਕਾਂ ਨੂੰ ਭਾਰਤ ਆਮਦ ਸਮੇਂ ਪੰਜਾਬ ਤੋਂ ਕਿਨਾਰਾ ਕਰਨ ਦੀ ਤਾਕੀਦ ਕੀਤੀ ਜਾਂਦੀ ਹੈ, ਜਿਸ ਨਾਲ ਇਕ ਤਾਂ ਪੰਜਾਬੀਆਂ ਦਾ ਅਕਸ ਖਰਾਬ ਹੁੰਦਾ ਹੈ ਅਤੇ ਦੂਜਾ ਇਥੋਂ ਦੇ ਸੈਰ ਸਪਾਟਾ ਵਿਭਾਗ ਨੂੰ ਵੱਡਾ ਨੁਕਸਾਨ ਪਹੁੰਚਦਾ ਹੈ। ਇਥੋਂ ਤੱਕ ਕਿ ਗਵਾਂਢੀ ਮੁਲਕ ਪਾਕਿ ਦੇ ਬਾਸ਼ਿੰਦਿਆਂ ਲਈ ਭਾਰਤੀ ਪੰਜਾਬ ਦਾ ਵੀਜ਼ਾ ਲੈਣਾ ਕੋਈ ਉੱਚੀ ਚੋਟੀ ਸਰ ਕਰਨ ਦੇ ਬਰਾਬਰ ਹੈ। ਭਾਰਤ-ਪਾਕਿ ਦਰਮਿਆਨ ਚੱਲਣ ਵਾਲੀ 'ਸਮਝੌਤਾ ਐਕਸਪ੍ਰੈਸ' ਰੇਲ ਅਤੇ 'ਸਦਾ-ਏ-ਸਰਹੱਦ' ਬੱਸਾਂ ਦਾ ਪੰਜਾਬ 'ਚ ਕੋਈ ਚੜ੍ਹਨ ਉਤਰਨ ਲਈ ਠਹਿਰਾਅ ਨਹੀਂ ਕੀਤਾ ਜਾਂਦਾ। ਅੱਖੀਂ ਘੱਟਾ ਪਾਉਣ ਲਈ ਅੰਮ੍ਰਿਤਸਰ ਵਿਖੇ ਅੰਤਰਰਾਸ਼ਟਰੀ ਬੱਸ ਟਰਮੀਨਲ ਬਣਾਇਆ ਗਿਆ ਹੈ, ਜਿਥੋਂ ਪਾਕਿ ਲਈ ਬੱਸ ਸੇਵਾ ਸ਼ੁਰੂ ਕੀਤੀ ਗਈ ਪਰ ਹੈਰਾਨੀਜਨਕ ਤਰੀਕੇ ਨਾਲ ਪੰਜਾਬੀਆਂ ਨੂੰ ਇਥੋਂ ਬੱਸ ਲੈਣ ਲਈ ਪੁਲਿਸ ਤੋਂ ਇਤਰਾਜ਼ ਰਹਿਤ ਪੱਤਰ ਲੈਣਾ ਲਾਜ਼ਮੀ ਕਰਾਰ ਦਿੱਤਾ ਗਿਆ ਹੈ ਜਦੋਂ ਕਿ ਹੋਰਨਾਂ ਪ੍ਰਦੇਸ਼ਾਂ ਦੇ ਵਸਨੀਕਾਂ ਲਈ ਅਜਿਹੀ ਕੋਈ ਬੰਦਿਸ਼ ਨਹੀਂ ਹੈ। ਆਪਣੀ 'ਵਿਸ਼ੇਸ਼ ਕਾਬਲੀਅਤ' ਆਸਰੇ ਦੇਸ਼ ਦੇ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਬੈਠੇ ਇਕ ਸਿੱਖ ਨੂੰ ਵੀ ਪੰਜਾਬੀਆਂ 'ਤੇ ਅਹਿਸਾਨ ਵਾਂਗ ਜਿਤਾਇਆ ਜਾ ਰਿਹਾ ਹੈ। ਪਰ ਉਸ ਕੁਰਸੀ ਵੱਲੋਂ ਵੀ ਪਾਕਿ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਵਿਸ਼ੇਸ਼ ਲਾਂਘਾ ਲੈਣ ਅਤੇ ਫਰਾਂਸ 'ਚ ਪਗੜੀ ਦੇ ਮੁੱਦੇ ਬਾਰੇ ਪੰਜਾਬੀਆਂ ਦੀਆਂ ਵਾਜਿਬ ਅਤੇ ਭਾਵਨਾਤਮਿਕ ਮੰਗਾਂ ਦੀ ਅੰਤਰਰਾਸ਼ਟਰੀ ਪੱਧਰ 'ਤੇ ਕਦੀ ਸੁਹਿਰਦ ਤਰਫਦਾਰੀ ਨਹੀਂ ਕੀਤੀ ਗਈ। ਪੰਜਾਬ ਅਸ਼ਾਂਤ ਸੂਬਾ ਘੋਸ਼ਿਤ ਰਹਿਣ ਕਾਰਨ ਉਦਯੋਗਾਂ ਸੰਬੰਧੀ ਵਿਸ਼ੇਸ਼ ਕੇਂਦਰੀ ਰਿਆਇਤਾਂ ਬੰਦ ਹਨ ਜਦ ਕਿ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਨੂੰ ਇਹ ਰਿਆਇਤਾਂ ਮਿਲਣ ਕਾਰਨ ਰਾਜ ਦੇ ਸਾਰੇ ਉਦਯੋਗ ਇਨ੍ਹਾਂ ਰਾਜਾਂ 'ਚ ਤਬਦੀਲ ਹੋ ਗਏ ਹਨ, ਜਿਸ ਕਾਰਨ ਪੰਜਾਬ ਵਿਚ ਸਨਅਤੀ ਕਾਰੋਬਾਰ ਅਤੇ ਕਾਮਿਆਂ ਲਈ ਰੁਜ਼ਗਾਰ 'ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਖੇਤੀਬਾੜੀ ਦੀ ਗੱਲ ਕਰੀਏ ਤਾਂ ਸ਼ੁਰੂ ਤੋਂ ਹੀ ਪੰਜਾਬ ਜ਼ਿੰਮੇਵਾਰੀ ਨਾਲ ਹੋਰਨਾਂ ਰਾਜਾਂ ਦੀ ਗੁੱਲੀ (ਖੁਰਾਕ) ਦਾ ਸਰੋਤ ਬਣਦਾ ਆ ਰਿਹਾ ਹੈ ਪਰ ਤਖ਼ਤ ਨੇ ਕਦੀ ਵੀ ਅੰਨ ਦਾਤੇ ਦੀਆਂ ਲੋੜਾਂ ਦੀ ਪਰਵਾਹ ਨਹੀਂ ਕੀਤੀ ਅਤੇ ਇਸੇ ਬੇਕਦਰੀ ਦੇ ਖੂਹ 'ਚ ਡਿੱਗਾ ਪੰਜਾਬ ਦਾ ਕਿਸਾਨ ਅੱਜ ਮੌਤ ਨੂੰ ਗਲ ਲਾਉਣ ਲਈ ਮਜਬੂਰ ਹੈ।

# ਟਰੰਪ ਵੱਲੋਂ ਸੀਰੀਆ ਦੇ ਰਾਸ਼ਟਰਪਤੀ ਨਾਲ ਮੁਲਾਕਾਤ

ਰਿਆਧ, 15 ਮਈ (ਪ੍ਰਤੀਨਿਧੀ) : ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਸੀਰੀਆ ਦੇ ਅੰਤ੍ਰਿਮ ਰਾਸ਼ਟਰਪਤੀ ਅਹਿਮਦ ਅਲ-ਸ਼ਾਰਾ ਨਾਲ ਮੁਲਾਕਾਤ ਕੀਤੀ। ਇਹ 25 ਸਾਲਾਂ ਬਾਅਦ ਦੋਹਾਂ ਦੇਸ਼ਾਂ ਦੇ ਨੇਤਾਵਾਂ ਵਿਚਕਾਰ ਪਹਿਲੀ ਮੁਲਾਕਾਤ ਹੈ। ਇਸ ਤੋਂ ਪਹਿਲਾਂ ਸਾਲ 2000 'ਚ ਸੀਰੀਆ ਦੇ ਤਤਕਾਲੀ ਰਾਸ਼ਟਰਪਤੀ ਹਾਫ਼ੇਜ਼ ਅਲ-ਅਸਦ ਨੇ ਜਨੇਵਾ 'ਚ ਤਤਕਾਲੀ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਨਾਲ ਇੱਕ ਮੁਲਾਕਾਤ ਕੀਤੀ ਸੀ। ਟਰੰਪ ਨੇ ਕਿਹਾ ਕਿ ਇਹ ਮੁਲਾਕਾਤ ਸਾਊਦੀ ਅਰਬ ਦੇ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਅਤੇ ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤੈਯਪ ਐਰਦੂਆਨ ਦੁਆਰਾ ਅਲ-ਸ਼ਾਰਾ ਨੂੰ ਮਿਲਣ ਲਈ ਉਤਸ਼ਾਹਿਤ ਕਰਨ ਤੋਂ ਬਾਅਦ ਹੋਈ।





**ਸੀਰੀਆ 'ਤੇ ਲਗਾਈਆਂ ਗਈਆਂ ਪਾਬੰਦੀਆਂ ਹਟਾਉਣ ਦਾ ਸੰਕੇਤ:** ਟਰੰਪ ਨੇ ਸੀਰੀਆ 'ਤੇ ਸਾਲਾਂ ਤੋਂ ਲਗਾਈਆਂ ਗਈਆਂ ਪਾਬੰਦੀਆਂ ਹਟਾਉਣ ਦਾ ਵੀ ਸੰਕੇਤ ਦਿੱਤਾ ਹੈ। ਟਰੰਪ ਅਤੇ ਅਲ-ਸ਼ਾਰਾ ਵਿਚਕਾਰ ਹੋਈ 33 ਮਿੰਟ ਦੀ ਮੁਲਾਕਾਤ 'ਚ ਮੁਹੰਮਦ ਬਿਨ ਸਲਮਾਨ ਵੀ ਮੌਜੂਦ ਸਨ। ਤੁਰਕੀ ਦੀ ਸਰਕਾਰੀ ਅਨਾਦੋਲੂ ਨਿਊਜ਼ ਏਜੰਸੀ ਅਨੁਸਾਰ ਐਰਦੂਆਨ ਨੇ ਵੀ ਵੀਡੀਓ ਕਾਨਫ਼ਰੰਸ ਰਾਹੀਂ ਮੀਟਿੰਗ 'ਚ ਹਿੱਸਾ ਲਿਆ। ਇਹ ਮੀਟਿੰਗ ਇੱਕ ਬੰਦ ਕਮਰੇ 'ਚ ਹੋਈ, ਅਤੇ ਪੱਤਰਕਾਰਾਂ ਨੂੰ ਉੱਥੇ ਜਾਣ ਦੀ ਇਜਾਜ਼ਤ ਨਹੀਂ ਸੀ। ਆਪਣੇ ਵਿਆਪਕ ਵਿਦੇਸ਼ ਨੀਤੀ ਸੰਬੋਧਨ 'ਚ ਟਰੰਪ ਨੇ ਕਿਹਾ, ਸੀ, "ਉਮੀਦ ਹੈ ਕਿ ਨਵਾਂ ਪ੍ਰਸ਼ਾਸਨ ਦੇਸ਼ ਨੂੰ ਸਥਿਰ ਅਤੇ ਸ਼ਾਂਤੀਪੂਰਣ ਰੱਖਣ ਦੇ ਯੋਗ ਹੋਵੇਗਾ।" ਉਸੇ ਸੰਬੋਧਨ ਦੌਰਾਨ ਉਨ੍ਹਾਂ ਕਿਹਾ ਸੀ ਕਿ ਉਹ 2011 ਤੋਂ ਸੀਰੀਆ 'ਤੇ ਲਗਾਈਆਂ ਗਈਆਂ ਪਾਬੰਦੀਆਂ ਨੂੰ ਹਟਾਉਣ 'ਤੇ ਵਿਚਾਰ ਕਰ ਰਹੇ ਹਨ।

ਟਰੰਪ ਨੇ ਕਿਹਾ ਕਿ ਉਹ ਸੀਰੀਆ, ਜੋ ਕਿ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਘਰੇਲੂ ਯੁੱਧ ਨਾਲ ਜੂਝ ਰਿਹਾ ਹੈ, ਨੂੰ ਅਲ-ਸ਼ਾਰਾ ਦੀ ਅਗਵਾਈ ਹੇਠ ਸ਼ਾਂਤੀ ਦਾ ਮੌਕਾ ਦੇਣਾ ਚਾਹੁੰਦੇ ਹਨ। ਅਲ-ਸ਼ਾਰਾ ਨਾਲ ਗੱਲਬਾਤ ਤੋਂ ਬਾਅਦ ਟਰੰਪ ਖਾੜੀ ਸਹਿਯੋਗ ਪ੍ਰੀਸ਼ਦ (GCC) ਨਾਲ ਆਪਣੀ ਮੀਟਿੰਗ ਲਈ ਰਿਆਧ ਲਈ ਰਵਾਨਾ ਹੋ ਗਏ ਜਿੱਥੇ ਉਨ੍ਹਾਂ ਨੇ ਬਹਿਰੀਨ, ਕੁਵੈਤ, ਓਮਾਨ, ਕਤਰ, ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਦੇ ਪ੍ਰਤੀਨਿਧੀਆਂ ਨਾਲ ਗੱਲਬਾਤ ਕੀਤੀ। ਉਸ ਤੋਂ ਬਾਅਦ ਉਹ ਕਤਰ ਪਹੁੰਚ ਗਏ ਜਿੱਥੇ US ਨੇ ਕਤਰ ਨੂੰ 210 ਬੋਈਂਗ ਜੈੱਟ ਜਹਾਜ਼ ਵੇਚਣ ਲਈ 96 ਬਿਲੀਅਨ ਡਾਲਰਾਂ ਦੀ ਇੱਕ ਡੀਲ ਅਤੇ 38 ਬਿਲੀਅਨ ਡਾਲਰਾਂ ਦੀ ਇੱਕ ਨਿਵੇਸ਼ ਡੀਲ 'ਤੇ ਸਹੀ ਕੀਤੀ। ਗ਼ੌਰਤਲਬ ਹੈ ਕਿ ਅਲ-ਸ਼ਾਰਾ ਦੇ ਅਲ-ਕਾਇਦਾ ਨਾਲ ਸਬੰਧ ਸਨ, ਅਤੇ ਸੀਰੀਆ ਦੀ ਜੰਗ 'ਚ ਹਿੱਸਾ ਲੈਣ ਤੋਂ ਪਹਿਲਾਂ ਉਹ ਇਰਾਕ 'ਚ ਅਮਰੀਕੀ ਫ਼ੌਜਾਂ ਨਾਲ ਲੜ ਰਹੇ ਵਿਦਰੋਹੀਆਂ 'ਚੋਂ ਇੱਕ ਸੀ। 2011 'ਚ ਸੰਘਰਸ਼ ਸ਼ੁਰੂ ਹੋਣ ਤੋਂ ਬਾਅਦ ਅਲ-ਸ਼ਾਰਾ ਸੀਰੀਆ ਵਾਪਿਸ ਆ ਗਿਆ, ਅਤੇ ਉਸ ਨੇ ਅਲ-ਕਾਇਦਾ ਦੀ ਨੁਸਰਾ ਫ਼ਰੰਟ ਵਜੋਂ ਜਾਣੀ ਜਾਂਦੀ ਸ਼ਾਖਾ ਦੀ ਅਗਵਾਈ ਕੀਤੀ। 2011 'ਚ ਸੀਰੀਆ 'ਚ ਘਰੇਲੂ ਯੁੱਧ ਸ਼ੁਰੂ ਹੋ ਗਿਆ ਸੀ। ਪਿਛਲੇ ਸਾਲ ਦਸੰਬਰ 'ਚ ਸ਼ਾਰਾ ਦੀ ਅਗਵਾਈ ਵਾਲੇ ਹਯਾਤ ਤਹਿਰੀਰ ਅਲ-ਸ਼ਾਮ ਬਾਗ਼ੀਆਂ ਨੇ ਰਾਸ਼ਟਰਪਤੀ ਬਸ਼ਰ ਅਲ-ਅਸਦ ਨੂੰ ਸੱਤਾ ਤੋਂ ਬੇਦਖ਼ਲ ਕਰ ਦਿੱਤਾ ਸੀ। ਇਸ ਦੇ ਨਾਲ ਹੀ ਸੀਰੀਆ 'ਚ ਅਸਦ ਪਰਿਵਾਰ ਦੇ 54 ਸਾਲਾਂ ਦੇ ਰਾਜ ਦਾ ਅੰਤ ਹੋ ਗਿਆ।

ਟਰੰਪ ਵਲੋਂ ਸੀਰੀਆ 'ਤੇ ਪਾਬੰਦੀਆਂ ਹਟਾਉਣ ਦੇ ਸੰਕੇਤ ਤੋਂ ਬਾਅਦ ਦੇਸ਼ 'ਚ ਜਸ਼ਨ ਦਾ ਮਾਹੌਲ ਹੈ। ਰਾਜਧਾਨੀ ਦਮਿਸ਼ਕ 'ਚ ਲੋਕਾਂ ਨੇ ਰਾਤ ਨੂੰ ਆਤਿਸ਼ਬਾਜ਼ੀ ਚਲਾ ਕੇ ਆਪਣੀ ਖ਼ੁਸ਼ੀ ਦਾ ਇਜ਼ਹਾਰ ਕੀਤਾ। ਸਰਕਾਰੀ ਸਮਾਚਾਰ ਏਜੰਸੀ SANA ਨੇ ਉਮਯਾਦ ਸਕੁਏਅਰ 'ਤੇ ਲੋਕਾਂ ਨੂੰ ਜਸ਼ਨ ਮਨਾਉਂਦੇ ਹੋਏ ਦਿਖਾਉਂਦੀਆਂ ਕੁੱਝ ਵੀਡੀਓਜ਼ ਅਤੇ ਫ਼ੋਟੋਆਂ ਪ੍ਰਕਾਸ਼ਿਤ ਕੀਤੀਆਂ ਹਨ। ਬਹੁਤ ਸਾਰੇ ਲੋਕਾਂ ਨੇ ਆਪਣੀਆਂ ਕਾਰਾਂ ਦੇ ਹਾਰਨ ਵਜਾਉਂਦਿਆਂ ਸੀਰੀਆ ਦੇ ਨਵੇਂ ਝੰਡੇ ਨੂੰ ਲਹਿਰਾ ਕੇ ਜਸ਼ਨ ਮਨਾਇਆ।

# ਭਾਰਤ ਦੀ ਪ੍ਰਵਾਨਗੀ ਦੇ ਜਾਲ 'ਚ ਫ਼ਸੇ ਸੱਤ ਚੀਨੀ ਪ੍ਰੋਜੈਕਟ

ਨਵੀਂ ਦਿੱਲੀ, 15 ਮਈ (ਪ੍ਰਤੀਨਿਧੀ) : ਪਾਕਿਸਤਾਨ ਨਾਲ ਹਾਲ ਹੀ 'ਚ ਹੋਏ ਫ਼ੌਜੀ ਤਨਾਅ ਅਤੇ ਔਪ੍ਰੇਸ਼ਨ ਸਿੰਦੂਰ ਤੋਂ ਬਾਅਦ, ਭਾਰਤ ਹੁਣ ਆਪਣੇ ਸਹਿਯੋਗੀਆਂ, ਖਾਸ ਕਰ ਕੇ ਚੀਨ ਖ਼ਿਲਾਫ਼ ਰਣਨੀਤਕ ਰੁਖ਼ ਅਪਨਾਉਣ ਵੱਲ ਵਧ ਰਿਹਾ ਹੈ। ਰਿਪੋਰਟਾਂ ਅਨੁਸਾਰ ਪਾਕਿਸਤਾਨ ਨੇ ਤੁਰਕੀ ਅਤੇ ਚੀਨ ਤੋਂ ਪ੍ਰਾਪਤ ਹਥਿਆਰਾਂ ਦੀ ਵਰਤੋਂ ਭਾਰਤ ਵਿਰੁੱਧ ਕੀਤੀ ਜਿਸ ਤੋਂ ਬਾਅਦ ਭਾਰਤ ਇਨ੍ਹਾਂ ਸਹਿਯੋਗੀਆਂ 'ਤੇ ਕੂਟਨੀਤਕ ਅਤੇ ਆਰਥਿਕ ਦਬਾਅ ਵਧਾਉਣ ਦੀ ਯੋਜਨਾ ਬਣਾ ਰਿਹਾ ਹੈ।



**ਚੀਨ-ਸਮਰਥਿਤ ਨਿਵੇਸ਼ਾਂ ਦੀ ਸਮੀਖਿਆ 'ਚ ਤੇਜ਼ੀ:** ਭਾਰਤ ਸਰਕਾਰ ਛੇ ਤੋਂ ਸੱਤ ਚੀਨ-ਸਮਰਥਿਤ ਨਿਵੇਸ਼ ਪ੍ਰੋਜੈਕਟਾਂ ਦੀ ਮੁੜ ਜਾਂਚ ਕਰਨ ਦੀ ਤਿਆਰੀ ਕਰ ਰਹੀ ਹੈ ਜਿਸ ਕਾਰਨ ਇਨ੍ਹਾਂ ਪ੍ਰਸਤਾਵਾਂ ਦੀ ਪ੍ਰਵਾਨਗੀ 'ਚ ਦੇਰੀ ਹੋ ਸਕਦੀ ਹੈ। ਇੱਕ ਰਿਪੋਰਟ ਅਨੁਸਾਰ ਕੇਂਦਰ ਸਰਕਾਰ ਚੀਨੀ ਕੰਪਨੀਆਂ ਨਾਲ ਵਿਦੇਸ਼ੀ ਨਿਵੇਸ਼ ਅਤੇ ਸਾਂਝੇ ਉੱਦਮ (Joint Venture) ਪ੍ਰਸਤਾਵਾਂ ਦੀ ਜਾਂਚ ਨੂੰ ਹੋਰ ਸਖ਼ਤ ਕਰ ਸਕਦੀ ਹੈ।

ਜਾਣਕਾਰੀ ਅਨੁਸਾਰ ਭਵਿੱਖ 'ਚ ਚੀਨ ਤੋਂ ਕਿਸੇ ਵੀ ਸਾਂਝੇ ਉੱਦਮ ਜਾਂ ਨਿਵੇਸ਼ ਪ੍ਰਸਤਾਵ ਦੀ ਸਖ਼ਤ ਪਾਲਣਾ ਜ਼ਰੂਰਤਾਂ ਦੇ ਤਹਿਤ ਜਾਂਚ ਕੀਤੀ ਜਾਵੇਗੀ ਜਿਸ ਕਾਰਨ ਉਨ੍ਹਾਂ ਨੂੰ ਭਾਰਤ 'ਚ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਕਈ ਰੈਗੂਲੇਟਰੀ ਪੱਧਰਾਂ 'ਚੋਂ ਲੰਘਣਾ ਪਵੇਗਾ।

**ਅਪ੍ਰੈਲ 2020 ਤੋਂ ਸਖ਼ਤ FDI ਨਿਯਮ ਲਾਗੂ:** ਅਪ੍ਰੈਲ 2020 'ਚ ਇੱਕ ਮਹੱਤਵਪੂਰਣ ਫ਼ੈਸਲਾ ਲੈਂਦੇ ਹੋਏ ਭਾਰਤ ਸਰਕਾਰ ਨੇ ਚੀਨ ਸਮੇਤ ਸਾਰੇ ਗੁਆਂਢੀ ਦੇਸ਼ਾਂ ਤੋਂ ਸਿੱਧਾ ਵਿਦੇਸ਼ੀ ਨਿਵੇਸ਼ (FDI) ਸਰਕਾਰੀ ਪ੍ਰਵਾਨਗੀ ਦੇ ਅਧੀਨ ਕੀਤਾ। ਇਸ ਦਾ ਉਦੇਸ਼ ਮਹਾਂਮਾਰੀ ਦੌਰਾਨ ਭਾਰਤੀ ਕੰਪਨੀਆਂ ਦੇ ਮੌਕਾਪ੍ਰਸਤ ਕਬਜ਼ੇ ਨੂੰ ਰੋਕਣਾ ਸੀ। ਉਸ ਸਮੇਂ, ਚੀਨ ਨੇ ਇਸ ਕਦਮ 'ਤੇ ਸਖ਼ਤ ਪ੍ਰਤੀਕਿਰਿਆ ਦਿੱਤੀ ਸੀ। ਹੁਣ ਭਾਰਤ ਇੱਕ ਵਾਰ ਫ਼ਿਰ ਉਸ ਨੀਤੀ ਨੂੰ ਹੋਰ ਸਖ਼ਤੀ ਨਾਲ ਲਾਗੂ ਕਰਨ ਵੱਲ ਵੱਧ ਰਿਹਾ ਹੈ।

**ਪਾਕਿਸਤਾਨ ਦਾ ਸਮਰਥਨ ਕਰਨ ਲਈ ਚੀਨ 'ਤੇ ਨਜ਼ਰ:** ਭਾਰਤ ਦੇ ਇਸ ਸਖ਼ਤ ਰੁਖ਼ ਦਾ ਇੱਕ ਹੋਰ ਕਾਰਨ ਚੀਨ ਵਲੋਂ ਪਾਕਿਸਤਾਨ ਨੂੰ ਦਿੱਤਾ ਜਾ ਰਿਹਾ ਸਮਰਥਨ ਹੈ। ਰਿਪੋਰਟਾਂ ਅਨੁਸਾਰ ਪਾਕਿਸਤਾਨ ਵਲੋਂ ਭਾਰਤ ਵਿਰੁੱਧ ਵਰਤੇ ਜਾਣ ਵਾਲੇ ਹਥਿਆਰ ਅਤੇ ਹਵਾਈ ਰੱਖਿਆ ਪ੍ਰਣਾਲੀਆਂ ਦੀ ਸਪਲਾਈ ਚੀਨ ਵਲੋਂ ਕੀਤੀ ਗਈ ਸੀ। ਅਜਿਹੀ ਸਥਿਤੀ 'ਚ ਭਾਰਤ ਨੇ ਚੀਨ ਦੇ ਇਰਾਦਿਆਂ, ਅਤੇ ਉਸ ਦੇ ਨਿਵੇਸ਼ਾਂ ਸੰਬੰਧੀ ਆਪਣੀ ਰਣਨੀਤੀ ਨੂੰ ਹੋਰ ਸਖ਼ਤ ਕਰਨ ਦਾ ਸੰਕੇਤ ਦਿੱਤਾ ਹੈ।

# ਚੰਨ 'ਤੇ ਬਣੇਗਾ ਪ੍ਰਮਾਣੂ ਪਲਾਂਟ

ਮਿਸੀਸਾਗਾ, 15 ਮਈ (ਪ੍ਰਤੀਨਿਧੀ) : ਚੰਦਰਮਾ 'ਤੇ ਪ੍ਰਮਾਣੂ ਪਲਾਂਟ ਬਣਨ ਜਾ ਰਿਹਾ ਹੈ। ਤਾਜ਼ਾ ਜਾਣਕਾਰੀ ਮੁਤਾਬਿਕ ਚੀਨ ਅਤੇ ਰੂਸ ਨੇ ਚੰਦਰਮਾ 'ਤੇ ਇੱਕ ਪ੍ਰਮਾਣੂ ਊਰਜਾ ਪਲਾਂਟ ਬਣਾਉਣ ਲਈ ਇੱਕ ਸਮਝੌਤੇ 'ਤੇ ਦਸਤਖ਼ਤ ਕੀਤੇ ਹਨ ਜਿਸ ਦੇ 2036 ਤਕ ਮੁਕੰਮਲ ਹੋਣ ਦੀ ਉਮੀਦ ਹੈ। ਇਹ ਪਲਾਂਟ ਚੀਨ ਅਤੇ ਰੂਸ ਦੀ ਸਾਂਝੇ ਤੌਰ 'ਤੇ ਅਗਵਾਈ ਵਾਲੇ ਅੰਤਰਰਾਸ਼ਟਰੀ ਚੰਦਰ ਖੋਜ ਸਟੇਸ਼ਨ (ILRS) ਨੂੰ ਊਰਜਾ ਪ੍ਰਦਾਨ ਕਰੇਗਾ। ILRS ਦਾ ਨੀਂਹ ਪੱਥਰ 2028 'ਚ ਚੀਨ ਦੇ ਚਾਂਗਏ-8 ਮਿਸ਼ਨ ਨਾਲ ਰੱਖਿਆ ਜਾਵੇਗਾ ਜੋ ਪਹਿਲੀ ਵਾਰ ਚੀਨੀ ਪੁਲਾੜ ਯਾਤਰੀਆਂ ਨੂੰ ਚੰਦਰਮਾ 'ਤੇ ਉਤਾਰੇਗਾ।



ਇਹ ਐਲਾਨ ਅਜਿਹੇ ਸਮੇਂ 'ਚ ਹੋਇਆ ਹੈ ਜਦੋਂ ਅਮਰੀਕੀ ਪੁਲਾੜ ਏਜੰਸੀ NASA ਨੇ ਆਪਣੇ 2026 ਦੇ ਬਜਟ ਪ੍ਰਸਤਾਵ 'ਚ ਚੰਦਰਮਾ 'ਤੇ ਔਰਬਿਟਲ ਸਟੇਸ਼ਨ ਦੀ ਯੋਜਨਾ ਨੂੰ ਰੱਦ ਕਰਨ ਦੀ ਗੱਲ ਕਹੀ ਹੈ। ਇਹ ਕਦਮ ਚੀਨ ਅਤੇ ਰੂਸ ਦੀਆਂ ਪੁਲਾੜ ਇੱਛਾਵਾਂ ਨੂੰ ਹੋਰ ਮਜ਼ਬੂਤ ਕਰਦਾ ਹੈ ਜਦੋਂ ਕਿ ਅਮਰੀਕਾ ਦੇ ਆਰਟੇਮਿਸ ਪ੍ਰੋਗਰਾਮ ਨੂੰ ਦੇਰੀ ਅਤੇ ਬਜਟ 'ਚ ਕਟੌਤੀ ਕਾਰਨ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

**ਚੀਨ-ਰੂਸ ਦਾ ਕ੍ਰਾਂਤੀਕਾਰੀ ਕਦਮ:** ਚੀਨ ਅਤੇ ਰੂਸ ਦਾ ਚੰਦਰਮਾ ਪਰਮਾਣੂ ਪਲਾਂਟ ਵਿਗਿਆਨਕ ਅਤੇ ਰਣਨੀਤਕ ਦ੍ਰਿਸ਼ਟੀਕੋਣ ਤੋਂ ਮਹੱਤਵਪੂਰਣ ਹੈ। ਇਹ ਨਾ ਸਿਰਫ਼ ਚੰਦਰਮਾ 'ਤੇ ਲੰਬੇ ਸਮੇਂ ਲਈ ਮਨੁੱਖੀ ਮੌਜੂਦਗੀ ਨੂੰ ਸੰਭਵ ਬਣਾਏਗਾ ਬਲਕਿ ਮੰਗਲ ਮਿਸ਼ਨਾਂ ਲਈ ਵੀ ਆਧਾਰ ਬਣਾਏਗਾ। ਇਹ ਪ੍ਰੋਜੈਕਟ ਹਿੰਦ ਮਹਾਂਸਾਗਰ ਅਤੇ ਦੱਖਣੀ ਚੀਨ ਸਾਗਰ ਵਰਗੇ ਖੇਤਰਾਂ 'ਚ ਦੋਵਾਂ ਦੇਸ਼ਾਂ ਦਰਮਿਆਨ ਵਧ ਰਹੀ ਰਣਨੀਤਕ ਭਾਈਵਾਲੀ ਨੂੰ ਵੀ ਦਰਸਾਉਂਦਾ ਹੈ।

ਇੱਥੇ ਦੱਸ ਦਈਏ ਕਿ ਚੀਨ ਅਤੇ ਰੂਸ ਨੇ ਹਾਲ ਹੀ 'ਚ ਇੱਕ ਸਮਝੌਤੇ 'ਤੇ ਦਸਤਖ਼ਤ ਕੀਤੇ ਹਨ ਜਿਸ ਦੇ ਤਹਿਤ ਉਹ ਚੰਦਰਮਾ ਦੇ ਦੱਖਣੀ ਧਰੁਵ 'ਤੇ ਇੱਕ ਸਥਾਈ, ਮਨੁੱਖੀ ਕੰਟਰੋਲ ਵਾਲਾ ਚੰਨ ਆਧਾਰ (ਲੂਨਰ ਬੇਸ) ਸਥਾਪਿਤ ਕਰਨ ਲਈ ਪ੍ਰਮਾਣੂ ਊਰਜਾ ਪਲਾਂਟ ਬਣਾਉਣਗੇ। ਰੂਸੀ ਪੁਲਾੜ ਏਜੰਸੀ ਰੌਸਕੌਸਮੌਸ ਦੇ ਡਾਇਰੈਕਟਰ ਜਨਰਲ ਯੂਰੀ ਬੋਰੀਸੋਵ ਅਨੁਸਾਰ ਪਲਾਂਟ ਮਨੁੱਖੀ ਮੌਜੂਦਗੀ ਤੋਂ ਬਿਨਾਂ ਆਪਣੇ ਆਪ ਹੀ ਬਣਾਇਆ ਜਾਵੇਗਾ।

# ਤੁਰਕੀ ਖ਼ਿਲਾਫ਼ ਭਾਰਤੀਆਂ ਦਾ ਭੜਕਿਆ

ਨਵੀਂ ਦਿੱਲੀ, 15 ਮਈ (ਪ੍ਰਤੀਨਿਧੀ) : ਸੋਸ਼ਲ ਮੀਡੀਆ 'ਤੇ ਤੁਰਕੀ ਅਤੇ ਅਜ਼ਰਬਾਈਜਾਨ ਦੀ ਯਾਤਰਾ ਦਾ ਬਾਈਕਾਟ ਕਰਨ ਦੇ ਸੱਦੇ ਦੇ ਵਿਚਕਾਰ ਯਾਤਰਾ ਪਲੈਟਫ਼ੌਰਮ ਮੇਕਮਾਈਟ੍ਰਿਪ ਨੇ ਕਿਹਾ ਕਿ ਪਿਛਲੇ ਇੱਕ ਹਫ਼ਤੇ 'ਚ ਦੋਹਾਂ ਦੇਸ਼ਾਂ ਲਈ ਬੁਕਿੰਗਾਂ 'ਚ 60 ਫ਼ੀਸਦੀ ਦੀ ਗਿਰਾਵਟ ਆਈ ਹੈ ਜਦੋਂ ਕਿ ਰੱਦ ਕਰਨ 'ਚ 250 ਫ਼ੀਸਦੀ ਜਾਂ ਢਾਈ ਗੁਣਾ ਵਾਧਾ ਹੋਇਆ ਹੈ। ਔਪ੍ਰੇਸ਼ਨ ਸਿੰਦੂਰ ਤੋਂ ਬਾਅਦ ਪਾਕਿਸਤਾਨ ਨੂੰ ਸਮਰਥਨ ਦੇਣ ਕਾਰਨ ਭਾਰਤ ਭਰ 'ਚ ਤੁਰਕੀ ਅਤੇ ਅਜ਼ਰਬਾਈਜਾਨ ਦੀ ਯਾਤਰਾ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ ਜਾ ਰਿਹਾ ਹੈ।




22 ਅਪ੍ਰੈਲ ਨੂੰ ਕਸ਼ਮੀਰ 'ਚ ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ ਨੇ 6 ਅਤੇ 7 ਮਈ ਦੀ ਵਿਚਕਾਰਲੀ ਰਾਤ ਨੂੰ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (POK) 'ਚ ਨੌਂ ਅਤਿਵਾਦੀ ਕੈਂਪਾਂ ਨੂੰ ਤਬਾਹ ਕਰਨ ਲਈ ਔਪ੍ਰੇਸ਼ਨ ਸਿੰਦੂਰ ਸ਼ੁਰੂ ਕੀਤਾ ਸੀ। ਉਸ ਤੋਂ ਬਾਅਦ ਔਪ੍ਰੇਸ਼ਨ ਸਿੰਦੂਰ ਤਹਿਤ ਪਾਕਿਸਤਾਨ ਵਲੋਂ ਕੀਤੇ ਗਏ ਹਮਲੇ ਦਾ ਜਵਾਬ ਦਿੱਤਾ ਗਿਆ।

**ਤੁਰਕੀ ਅਤੇ ਅਜ਼ਰਬਾਈਜਾਨ ਨੇ ਕੀਤਾ ਸੀ ਪਾਕਿਸਤਾਨ ਦਾ ਸਮਰਥਨ:** ਤੁਰਕੀ ਅਤੇ ਅਜ਼ਰਬਾਈਜਾਨ ਦੋਵਾਂ ਨੇ ਪਾਕਿਸਤਾਨ ਅਤੇ POK 'ਚ ਅਤਿਵਾਦੀ ਟਿਕਾਣਿਆਂ 'ਤੇ ਭਾਰਤ ਦੇ ਹਮਲੇ ਦੀ ਆਲੋਚਨਾ ਕੀਤੀ ਸੀ। ਮੇਕਮਾਈਟ੍ਰਿਪ ਦੇ ਬੁਲਾਰੇ ਨੇ ਕਿਹਾ ਕਿ ਭਾਰਤੀ ਯਾਤਰੀਆਂ ਨੇ ਪਿਛਲੇ ਹਫ਼ਤੇ ਸਖ਼ਤ ਭਾਵਨਾਵਾਂ ਪ੍ਰਗਟ ਕੀਤੀਆਂ ਹਨ। ਅਜ਼ਰਬਾਈਜਾਨ ਅਤੇ ਤੁਰਕੀ ਲਈ ਬੁਕਿੰਗਾਂ 'ਚ 60 ਫ਼ੀਸਦੀ ਦੀ ਗਿਰਾਵਟ ਆਈ ਹੈ ਜਦੋਂ ਕਿ ਰੱਦ ਕਰਨ 'ਚ 250 ਫ਼ੀਸਦੀ ਦਾ ਵਾਧਾ ਹੋਇਆ ਹੈ। ਉਨ੍ਹਾਂ ਕਿਹਾ, "ਤੁਹਾਡੇ ਦੇਸ਼ ਨਾਲ ਏਕਤਾ ਅਤੇ ਤੁਹਾਡੀਆਂ ਹਥਿਆਰਬੰਦ ਸੈਨਾਵਾਂ ਪ੍ਰਤੀ ਡੂੰਘੇ ਸਤਿਕਾਰ ਵਜੋਂ ਅਸੀਂ ਇਸ ਭਾਵਨਾ ਦਾ ਜ਼ੋਰਦਾਰ ਸਮਰਥਨ ਕਰਦੇ ਹਾਂ ਅਤੇ ਸਾਰਿਆਂ ਨੂੰ ਅਜ਼ਰਬਾਈਜਾਨ ਅਤੇ ਤੁਰਕੀ ਦੀ ਬੇਲੋੜੀ ਯਾਤਰਾ ਤੋਂ ਬਚਣ ਦੀ ਸਲਾਹ ਦਿੰਦੇ ਹਾਂ।"

**ਸੇਬ ਅਤੇ ਸੰਗਮਰਮਰ ਦਾ ਕੀਤਾ ਬਾਈਕਾਟ:** ਤੁਰਕੀ ਤੋਂ ਭਾਰਤ ਤਕ ਵੱਖ-ਵੱਖ ਕਿਸਮਾਂ ਦੇ ਸੰਗਮਰਮਰ (ਬਲੌਕਸ ਅਤੇ ਸਲੈਬਜ਼), ਤਾਜ਼ੇ ਸੇਬ (ਲਗਭਗ 10 ਮਿਲੀਅਨ ਡਾਲਰ), ਸੋਨਾ, ਸਬਜ਼ੀਆਂ, ਚੂਨਾ ਅਤੇ ਸੀਮੈਂਟ, ਖਣਿਜ ਤੇਲ, ਰਸਾਇਣ ਵਿਗਿਆਨ, ਕੁਦਰਤੀ ਮੋਤੀ, ਲੋਹਾ ਅਤੇ ਸਟੀਲ ਆਯਾਤ ਕਰਦਾ ਹੈ। ਅਜਿਹੀ ਸਥਿਤੀ 'ਚ ਹੁਣ ਭਾਰਤੀਆਂ ਨੇ ਤੁਰਕੀ ਤੋਂ ਆਉਣ ਵਾਲੇ ਇਨ੍ਹਾਂ ਸਾਮਾਨ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ ਜਿਸ ਕਾਰਨ ਤੁਰਕੀ ਨੂੰ ਆਉਣ ਵਾਲੇ ਦਿਨਾਂ 'ਚ ਕਰੋੜਾਂ ਡਾਲਰ ਦਾ ਨੁਕਸਾਨ ਹੋਣ ਵਾਲਾ ਹੈ।

# ਮਿਸੀਸਾਗਾ 'ਚ ਸਿੱਖ ਦਾ ਗੋਲੀਆਂ ਮਾਰ ਕੇ ਕਤਲ

ਮਿਸੀਸਾਗਾ, 15 ਮਈ (ਪ੍ਰਤੀਨਿਧੀ) : ਬੁੱਧਵਾਰ ਦੁਪਹਿਰ ਤੋਂ ਠੀਕ ਪਹਿਲਾਂ (ਸਵੇਰੇ 11: 53 ਵਜੇ) ਮਿਸੀਸਾਗਾ ਦੇ ਉਤਰੀ ਸਿਰੇ 'ਤੇ ਟੋਰੌਂਟੋ ਪੀਅਰਸਨ ਹਵਾਈ ਅੱਡੇ ਦੇ ਨੇੜੇ 40 ਸਾਲਾਂ ਦੇ ਇੱਕ ਵਿਅਕਤੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੀਲ ਪੈਰਾਮੈਡਿਕਸ ਨੇ ਕਿਹਾ ਕਿ ਡਿਕਸੀ ਅਤੇ ਡੈਰੀ ਰੋਡ ਦੇ ਇੰਟਰਸੈਕਸ਼ਨ ਤੋਂ ਪੂਰਬ 'ਚ ਸਥਿਤ ਟ੍ਰੈਨਮੇਰ ਡ੍ਰਾਈਵ ਅਤੇ ਟੈਲਫ਼ੋਰਡ ਵੇਅ 'ਤੇ ਗੋਲੀਬਾਰੀ ਦੀ ਇਸ ਘਟਨਾ ਤੋਂ ਥੋੜ੍ਹੀ ਦੇਰ ਬਾਅਦ 40 ਸਾਲਾਂ ਦੇ ਇੱਕ ਵਿਅਕਤੀ, ਜਿਸ ਨੂੰ ਛੇ ਗੋਲੀਆਂ ਮਾਰੀਆਂ ਗਈਆਂ ਸਨ, ਦੀ ਹਸਪਤਾਲ ਲਿਜਾਂਦੇ ਸਮੇਂ ਰਸਤੇ 'ਚ ਹੀ ਮੌਤ ਹੋ ਗਈ।




ਅਜੀਤ ਵੀਕਲੀ ਦੇ ਸੂਤਰਾਂ ਨੇ ਮਾਰੇ ਗਏ ਵਿਅਕਤੀ ਦਾ ਨਾਮ ਹਰਜੀਤ ਸਿੰਘ ਢੱਡਾ ਦੱਸਿਆ ਹੈ ਜੋ ਕਿ ਸਥਾਨਕ ਵਪਾਰਕ ਅਤੇ ਸਮਾਜਕ ਹਲਕਿਆਂ 'ਚ ਕਾਫ਼ੀ ਮਸ਼ਹੂਰ ਸਨ। ਢੱਡਾ 7 × 7 Trucking Solutions ਦੇ ਮਾਲਕ ਸਨ, ਅਤੇ ਉਨ੍ਹਾਂ ਨੂੰ ਗੋਲੀਆਂ ਮਾਰਨ ਵਾਲੇ ਦੋ ਅਣਪਛਾਤੇ ਹਮਲਾਵਰ ਇੱਕ ਚੈਲੇਂਜਰ ਗੱਡੀ 'ਚ ਸਵਾਰ ਹੋ ਕੇ ਆਏ ਸਨ। ਢੱਡਾ ਪਿੱਛਲੇ 16 ਸਾਲਾਂ ਤੋਂ ਟ੍ਰਾਂਸਪੋਰਟੇਸ਼ਨ ਵਪਾਰ 'ਚ ਸਰਗਰਮ ਸਨ

ਪੀਲ ਰੀਜਨਲ ਪੁਲੀਸ ਨੇ ਕੁਝ ਕੁ ਵੇਰਵੇ ਜਾਰੀ ਕਰਦਿਆਂ ਸਿਰਫ਼ ਇੰਨਾ ਕਿਹਾ ਹੈ ਕਿ ਇੱਕ ਵਿਅਕਤੀ ਨੂੰ ਗੋਲੀ ਮਾਰੀ ਗਈ ਅਤੇ ਥੋੜ੍ਹੀ ਦੇਰ ਬਾਅਦ ਮ੍ਰਿਤਕ ਐਲਾਨ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਕਾਲ ਸਵੇਰੇ 11:53 ਵਜੇ ਪ੍ਰਾਪਤ ਹੋਈ ਸੀ। ਪੁਲੀਸ ਨੇ ਪੀੜਤ ਬਾਰੇ ਕੋਈ ਵਾਧੂ ਜਾਣਕਾਰੀ ਨਹੀਂ ਦਿੱਤੀ, ਅਤੇ ਨਾ ਹੀ ਉਨ੍ਹਾਂ ਨੇ ਕਿਸੇ ਸ਼ੱਕੀ ਬਾਰੇ ਕੋਈ ਜਾਣਕਾਰੀ ਜਾਰੀ ਕੀਤੀ ਹੈ। ਦੁਪਹਿਰ 3 ਵਜੇ ਤੋਂ ਥੋੜ੍ਹੀ ਦੇਰ ਪਹਿਲਾਂ ਇਸ ਵਿਅਸਤ ਹਵਾਈ ਅੱਡਾ-ਖੇਤਰ ਦੀ ਪਿਠਭੂਮੀ ਤੋਂ ਮੀਡੀਆ ਨਾਲ ਗੱਲ ਕਰਦੇ ਹੋਏ ਪੀਲ ਪੁਲੀਸ ਦੇ ਬੁਲਾਰੇ ਨੇ ਕਿਹਾ ਕਿ ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਗੋਲੀਬਾਰੀ ਇੱਕ ਅਲੱਗ-ਥਲੱਗ ਘਟਨਾ ਸੀ, ਅਤੇ ਇਸ ਸਮੇਂ ਜਨਤਕ ਸੁਰੱਖਿਆ ਲਈ ਕਿਸੇ ਕਿਸਮ ਦਾ ਕੋਈ ਖ਼ਤਰਾ ਨਹੀਂ।

# ਗੁਰੂਗ੍ਰਾਮ 'ਚ ਟਰੰਪ ਨੇ ਬਣਾਇਆ ਰਿਕਾਰਡ, ਇੱਕ ਦਿਨ 'ਚ ਵੇਚ ਦਿੱਤੇ 3,250 ਕਰੋੜ ਦੇ ਮਕਾਨ

ਨਵੀਂ ਦਿੱਲੀ, 15 ਮਈ (ਪ੍ਰਤੀਨਿਧੀ) : ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਅਮਰੀਕਾ ਹੀ ਨਹੀਂ ਗੁਰੂਗ੍ਰਾਮ 'ਚ ਵੀ ਰਿਕਾਰਡ ਬਣਾ ਦਿੱਤਾ ਹੈ। ਜੀ ਹਾਂ ਸੁਣ ਕੇ ਤੁਹਾਨੂੰ ਕਾਫ਼ੀ ਹੈਰਾਨੀ ਹੋਰ ਰਹੀ ਹੋਵੇਗੀ, ਪਰ ਇਹ ਹੈ ਸੱਚ। ਗੁਰੂਗ੍ਰਾਮ 'ਚ ਬਣ ਰਹੇ ਦੂਜੇ ਟਰੰਪ ਟਾਵਰ ਪ੍ਰੋਜੈਕਟ ਨੂੰ ਲੈ ਕੇ ਡਿਵੈਲਪਰਜ਼ (ਸਮਾਰਟ ਵਰਲਡ ਡਿਵੈਲਪਰਜ਼ ਅਤੇ ਟ੍ਰਿਬੈਕਾ ਡਿਵੈਲਪਰਜ਼) ਨੇ ਐਲਾਨ ਕੀਤਾ ਹੈ ਕਿ ਇਹ ਪ੍ਰੋਜੈਕਟ ਪੂਰੀ ਤਰ੍ਹਾਂ ਵਿਕ ਚੁੱਕਾ ਹੈ। ਲੌਂਚ ਦੇ ਪਹਿਲੇ ਦਿਨ ਹੀ 3,250 ਕਰੋੜ ਦੀ ਰਿਕਾਰਡ ਬੁਕਿੰਗ ਹੋਈ ਜਿਸ 'ਚ 125 ਕਰੋੜ ਰੁਪਏ ਦੇ ਅਲਟਰਾ-ਲਗਜ਼ਰੀ ਪੈਂਟਹਾਊਸਿਜ਼ ਵੀ ਸ਼ਾਮਿਲ ਸਨ।




**ਪ੍ਰੋਜੈਕਟ 'ਚ 298 ਘਰ ਸ਼ਾਮਿਲ:** ਦੱਸ ਦੇਈਏ ਇਸ ਪ੍ਰੋਜੈਕਟ 'ਚ 298 ਘਰ ਸ਼ਾਮਿਲ ਹਨ ਜਿਨ੍ਹਾਂ ਦੀ ਕੀਮਤ ਅੱਠ ਕਰੋੜ ਤੋਂ 15 ਕਰੋੜ ਦੇ ਵਿਚਕਾਰ ਸੀ। ਇਨ੍ਹਾਂ ਸਾਰੇ ਯੂਨਿਟਸ ਨੂੰ ਰਿਕਾਰਡ ਸਮੇਂ ਦੇ ਅੰਦਰ ਵੇਚ ਦਿੱਤਾ ਗਿਆ। ਰਿਕਾਰਡ ਸਮੇਂ ਦੇ ਅੰਦਰ ਇਨ੍ਹਾਂ ਯੂਨਿਟਸ ਨੂੰ ਵੇਚਣਾ ਭਾਰਤ 'ਚ ਬ੍ਰੈਂਡਿਡ ਅਤੇ ਅਲਟਰਾ-ਲਗਜ਼ਰੀ ਹਾਊਸਿੰਗ ਦੀ ਵਧਦੀ ਮੰਗ ਨੂੰ ਦਰਸਾਉਂਦਾ ਹੈ। ਇਹ ਪ੍ਰੋਜੈਕਟ ਇੱਕ ਸਾਂਝਾ ਸਹਿਯੋਗ ਹੈ।

ਇਸ 'ਚ ਸਮਾਰਟ ਵਰਲਡ ਦਾ ਨਿਰਮਾਣ, ਡਿਵੈਲਪਮੈਂਟ ਅਤੇ ਕਸਟਮਰ ਸਰਵਿਸ ਨੂੰ ਵੇਖੇਗਾ। ਇਸ ਪ੍ਰੋਜੈਕਟ 'ਚ 51 ਮੰਜ਼ਿਲਾ ਟਾਵਰ ਸ਼ਾਮਿਲ ਹੈ। ਡਿਵੈਲਪਰ ਮੁਤਾਬਿਕ 2018 'ਚ ਲੌਂਚ ਹੋਇਆ ਪਹਿਲਾ ਟਰੰਪ ਟਾਵਰ ਦਿੱਲੀ-NCR ਪ੍ਰੋਜੈਕਟ ਪੂਰੀ ਤਰ੍ਹਾਂ ਨਾਲ ਵਿਕ ਚੁੱਕਾ ਹੈ। ਇਸ ਮਹੀਨੇ ਦੇ ਆਖਿਰ ਤਕ ਇਹ ਡਲਿਵਰੀ ਲਈ ਤਿਆਰ ਹੋ ਜਾਣਗੇ।

ਇਸ 'ਤੇ ਸਮਾਰਟ ਵਰਲਡ ਦੇ ਫ਼ਾਊਂਡਰ ਪੰਕਜ ਬੰਸਲ ਨੇ ਕਿਹਾ ਕਿ ਟਰੰਪ ਰੈਜ਼ੀਡੈਂਸਿਜ਼ ਨੂੰ ਜ਼ਬਰਜਸਤ ਪਿਆਰ ਮਿਲਿਆ ਹੈ। ਇਸ ਪ੍ਰੋਜੈਕਟ ਦੀ ਡਲਿਵਰੀ ਕਰਦੇ ਸਮੇਂ ਸਾਨੂੰ ਕਾਫ਼ੀ ਮਾਣ ਮਹਿਸੂਸ ਹੋ ਰਿਹਾ ਹੈ। 3,250 ਕਰੋੜ ਰੁਪਏ ਦੀ ਪਹਿਲੇ ਦਿਨ ਦੀ ਵਿਕਰੀ ਹੀ ਇਸ ਨੂੰ ਦੇਸ਼ ਦੇ ਸਭ ਤੋਂ ਵੱਡੀਆਂ ਲਗਜ਼ਰੀ ਡੀਲਜ਼ 'ਚ ਸ਼ਾਮਿਲ ਕਰਦੀ ਹੈ। ਹੁਣ ਦੇ ਸਮੇਂ 'ਚ ਭਾਰਤ 'ਚ ਪੰਜ ਟਰੰਪ ਬ੍ਰੈਂਡਿਡ ਹਾਈ-ਰਾਈਜ਼ ਲਗਜ਼ਰੀ ਰੈਜ਼ੀਡੈਂਸ਼ਲ ਪ੍ਰੋਪਰਟੀਜ਼ ਹਨ। ਮੁੰਬਈ, ਪੁਣੇ, ਕੋਲਕਾਤਾ ਅਤੇ ਗੁਰੂਗ੍ਰਾਮ 'ਚ ਦੋ ਪ੍ਰੋਜੈਕਟਸ ਹਨ।

# ਮਾਈਕ੍ਰੋਸਾਫ਼ਟ ਨੇ ਫ਼ਿਰ ਕਰੇਗਾ ਹਜ਼ਾਰਾਂ ਕਰਮਚਾਰੀਆਂ ਦੀ ਛਾਂਟੀ

ਨਿਊਯਾਰਕ, 15 ਮਈ (ਪ੍ਰਤੀਨਿਧੀ) : ਤਕਨਾਲੋਜੀ ਦਿੱਗਜ ਮਾਈਕ੍ਰੋਸਾਫ਼ਟ ਨੇ ਐਲਾਨ ਕੀਤਾ ਕਿ ਉਹ ਦੁਨੀਆਂ ਭਰ 'ਚ ਆਪਣੇ ਤਿੰਨ ਪ੍ਰਤੀਸ਼ਤ ਕਰਮਚਾਰੀਆਂ ਦੀ ਛਾਂਟੀ ਕਰਨ ਜਾ ਰਿਹਾ ਹੈ। ਇਹ ਫ਼ੈਸਲਾ ਸਾਰੇ ਪੱਧਰਾਂ (ਜੂਨੀਅਰ ਤੋਂ ਸੀਨੀਅਰ ਪ੍ਰਬੰਧਨ ਤਕ) ਅਤੇ ਸਾਰੇ ਖੇਤਰਾਂ 'ਤੇ ਲਾਗੂ ਹੋਵੇਗਾ। ਮਾਈਕ੍ਰੋਸਾਫ਼ਟ ਦੇ ਇੱਕ ਬੁਲਾਰੇ ਨੇ ਕਿਹਾ, "ਅਸੀਂ ਸੰਗਠਨਾਤਮਕ ਬਦਲਾਅ ਕਰ ਰਹੇ ਹਾਂ ਜੋ ਕੰਪਨੀ ਨੂੰ ਬਦਲਦੇ ਬਾਜ਼ਾਰ 'ਚ ਸਫ਼ਲ ਹੋਣ ਲਈ ਬਿਹਤਰ ਸਥਿਤੀ 'ਚ ਲਿਆਉਂਦੇ ਹਨ।"




**ਹਜ਼ਾਰਾਂ ਕਰਮਚਾਰੀਆਂ ਦੀਆਂ ਨੌਕਰੀਆਂ 'ਤੇ ਅਸਰ:** ਜੂਨ 2024 ਤਕ ਮਾਈਕ੍ਰੋਸੌਫ਼ਟ ਕੋਲ ਲਗਭਗ ਦੋ ਲੱਖ 28 ਹਜ਼ਾਰ ਕਰਮਚਾਰੀ ਸਨ। ਇਸ ਦਾ ਮਤਲਬ ਹੈ ਕਿ ਇਸ ਛਾਂਟੀ ਕਾਰਨ ਲਗਭਗ 6,800 ਕਰਮਚਾਰੀ ਆਪਣੀਆਂ ਨੌਕਰੀਆਂ ਗੁਆ ਸਕਦੇ ਹਨ। 2023 'ਚ 10 ਹਜ਼ਾਰ ਕਰਮਚਾਰੀਆਂ ਦੀ ਛਾਂਟੀ ਤੋਂ ਬਾਅਦ ਇਹ ਸਭ ਤੋਂ ਵੱਡੀ ਕਟੌਤੀ ਮੰਨੀ ਜਾ ਰਹੀ ਹੈ।

**ਇਸ ਵਾਰ ਪ੍ਰਦਰਸ਼ਨ ਨਹੀਂ, ਰਣਨੀਤੀ ਹੈ ਕਾਰਨ:** ਮਾਈਕ੍ਰੋਸੌਫ਼ਟ ਨੇ ਸਪੱਸ਼ਟ ਕੀਤਾ ਹੈ ਕਿ ਇਸ ਵਾਰ ਛਾਂਟੀ ਪ੍ਰਦਰਸ਼ਨ ਦੇ ਅਧਾਰ 'ਤੇ ਨਹੀਂ, ਯਾਨੀ ਕਿ ਜੋ ਲੋਕ ਆਪਣੀਆਂ ਨੌਕਰੀਆਂ ਗੁਆ ਰਹੇ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਕੰਮ ਕਾਰਨ ਨਹੀਂ ਕੱਢਿਆ ਜਾ ਰਿਹਾ ਹੈ। ਕੰਪਨੀ ਦਾ ਉਦੇਸ਼ ਪ੍ਰਬੰਧਨ ਦੀਆਂ ਪਰਤਾਂ ਨੂੰ ਘਟਾਉਣਾ ਅਤੇ ਕੰਮ ਨੂੰ ਸਰਲ ਬਣਾਉਣਾ ਹੈ।

**ਕੰਪਨੀ ਦੀ ਕਾਰਗੁਜ਼ਾਰੀ ਵਧੀਆ ਹੈ, ਫ਼ਿਰ ਵੀ ਛਾਂਟੀ ਕਿਉਂ?** ਦਿਲਚਸਪ ਗੱਲ ਇਹ ਹੈ ਕਿ ਮਾਈਕ੍ਰੋਸੌਫ਼ਟ ਨੇ ਅਪ੍ਰੈਲ 2024 'ਚ ਆਪਣੇ ਤਿਮਾਹੀ ਨਤੀਜਿਆਂ 'ਚ ਉਮੀਦ ਨਾਲੋਂ ਬਿਹਤਰ ਪ੍ਰਦਰਸ਼ਨ ਕੀਤਾ ਅਤੇ ਕੰਪਨੀ ਦਾ ਅਨੁਮਾਨ ਵੀ ਸਕਾਰਾਤਮਕ ਸੀ। ਫ਼ਿਰ ਵੀ, ਛਾਂਟੀ ਦਰਸਾਉਂਦੀ ਹੈ ਕਿ ਮਾਈਕ੍ਰੋਸੌਫ਼ਟ ਆਪਣੇ ਸਰੋਤਾਂ ਦੀ ਵਰਤੋਂ ਵਧੇਰੇ ਕੁਸ਼ਲਤਾ ਨਾਲ ਕਰਨਾ ਚਾਹੁੰਦਾ ਹੈ।

**ਮਾਈਕ੍ਰੋਸੌਫ਼ਟ ਦੇ ਸ਼ੇਅਰ ਰਿਕਾਰਡ ਉਚਾਈ 'ਤੇ ਪਹੁੰਚੇ:** ਮਾਈਕ੍ਰੋਸੌਫ਼ਟ ਦੇ ਸ਼ੇਅਰ $449.26 'ਤੇ ਬੰਦ ਹੋਏ ਜੋ ਕਿ ਇਸ ਸਾਲ ਹੁਣ ਤਕ ਦਾ ਸਭ ਤੋਂ ਉਚਾ ਪੱਧਰ ਹੈ। ਕੰਪਨੀ ਦੇ ਸ਼ੇਅਰ ਜੁਲਾਈ 2023 'ਚ $467.56 ਦੇ ਰਿਕਾਰਡ ਉਚੇ ਪੱਧਰ 'ਤੇ ਪਹੁੰਚ ਗਏ।

# ਟਰੰਪ ਨੂੰ ਭਾਰਤ ਵਿੱਚ ਐਪਲ ਦੇ ਵਿਸਥਾਰ 'ਤੇ ਇਤਰਾਜ਼

ਦੋਹਾ, 15 ਮਈ (ਪ੍ਰਤੀਨਿਧੀ) : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਤਰ ਦੀ ਰਾਜਧਾਨੀ ਦੋਹਾ ਵਿੱਚ ਵਪਾਰਕ ਗੋਲਮੇਜ਼ ਸਮਾਗਮ ਦੌਰਾਨ ਭਾਰਤ ਵਿਚ ਐਪਲ ਦੇ ਵਧਦੇ ਉਤਪਾਦਨ 'ਤੇ ਇਤਰਾਜ਼ ਜਤਾਇਆ ਹੈ। ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਐਪਲ ਦੇ ਸੀਈਓ ਟਿਮ ਕੁੱਕ ਨੂੰ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਉਹ ਭਾਰਤ ਵਿਚ ਆਪਣੇ ਨਿਰਮਾਣ ਕਾਰਜਾਂ ਦਾ ਵਿਸਥਾਰ ਨਾ ਕਰਨ, ਇਸ ਨਾਲ ਅਮਰੀਕਾ ਵਿਚ ਨੌਕਰੀਆਂ 'ਤੇ ਅਸਰ ਪਵੇਗਾ। ਟਰੰਪ ਨੇ ਕਿਹਾ,' ਮੈਂ ਟਿਮ ਕੁੱਕ ਨੂੰ ਕਿਹਾ ਕਿ ਉਹ ਭਾਰਤ ਵਿਚ ਵਿਸਥਾਰ ਕਰਨ ਜਾ ਰਹੇ ਹਨ ਤੇ ਅਮਰੀਕਾ ਨੂੰ ਲਗਦਾ ਹੈ ਕਿ ਇਸ ਦੀ ਕੋਈ ਲੋੜ ਨਹੀਂ। ਅਸੀਂ ਨਹੀਂ ਚਾਹੁੰਦੇ ਕਿ ਉਹ ਭਾਰਤ ਵਿਚ ਵਿਸਥਾਰ ਕਰਨ। ਟਰੰਪ ਦਾ ਇਹ ਬਿਆਨ ਉਸ ਵੇਲੇ ਆਇਆ ਹੈ ਜਦੋਂ ਐਪਲ ਦੇ ਸੀਈਓ ਟਿਮ ਕੁੱਕ ਨੇ ਹਾਲ ਹੀ ਵਿਚ ਕਿਹਾ ਸੀ ਕਿ ਹੁਣ ਅਮਰੀਕਾ ਵਿਚ ਵਿਕਣ ਵਾਲੇ ਪੰਜਾਹ ਫੀਸਦੀ ਆਈਫੋਨ ਭਾਰਤ ਵਿਚ ਬਣਾਏ ਜਾ ਰਹੇ ਹਨ। ਏਜੰਸੀ

